
# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

1 ਸਾਲ ਸੱਤਵਾਂ ਜਨਵਰੀ, 1995

## ਰਾਗ ਨਾਦ ਸਬਦਿ ਸੋਹਣੇ



ਤੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ ਚੰਡੀਗੜ੍ਹ. ਫੋਨ : 24660

# ਅੰਮ੍ਰਿਤ ਕੀਰਤਨ

ਅੰਕ 1 ਸਾਲ ਸੱਤਵਾਂ ਜਨਵਰੀ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰੂਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ- 60 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਭਾਈ ਹੀਰਾ ਸਿੰਘ ਰਾਗੀ 1
—ਕੁਲਦੀਪ ਸਿੰਘ ਹਉਰਾ
2] ਪੰਜਾਬੀ ਸਾਹਿਤ ਤੇ ਮੁਫ਼ਤ-ਖੋਰੀ 4
—ਡਾ: ਗੁਰਚਰਨ ਸਿੰਘ 'ਸਾਕੀ'
3] ਦੋ-ਗਜ਼ਲਾਂ 7
—ਹਰਜਾਪ ਸਿੰਘ
4] ਸੰਗੀਤ ਲਿਪੀ 9
—ਜੀ.ਐਸ. ਸਰਦਾਰ
5] ਗੁਰਮਤਿ ਸੰਗੀਤ ਵਿੱਚ—GHAR (ਘਰ) 12
—ਦਲਜੀਤ ਸਿੰਘ
6] ਤੁਹਾਡੇ ਪੱਤਰ 16
7] ਪੁਸਤਕ ਸਮੀਖਿਆ 17
8] ਕੀਰਤਨ ਸਮਰਾਟ ਭਾਈ ਸੁਮੰਦ ਸਿੰਘ ਜੀ 19
—ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ
9] ਪ੍ਰੋ: ਤਾਰਾ ਸਿੰਘ ਵਲੋਂ ਸੰਗੀਤ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਗੋਸ਼ਟੀ

**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ । ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਭਾਈ ਹੀਰਾ ਸਿੰਘ ਰਾਗੀ

**—ਕੁਲਦੀਪ ਸਿੰਘ ਹਉਰਾ**

ਭਾਈ ਹੀਰਾ ਸਿੰਘ ਰਾਗੀ ਦੀ ਚਿੱਟੀ ਦੋਹਰੀ ਦਸਤਾਰ, ਗਲ ਵਿਚ ਚਿੱਟਾ ਦੁਪੱਟਾ ਤੇ ਥੋੜ੍ਹੀ ਜਿਹੀ ਝੁਕੀ ਹੋਈ ਗਰਦਨ ਉਹਨਾਂ ਦੀ ਸਾਦਗੀ, ਸੁਹਿਰਦਤਾ ਤੇ ਨਿਮਰਤਾ ਦੇ ਲਖਾਇਕ ਸਨ। ਉਹਨਾਂ ਦਾ ਨੂਰਾਨੀ ਚਿਹਰਾ, ਚਮਕਦਾ ਮਸਤਕ ਤੇ ਨਾਮ-ਰਸ ਭਿੰਨੇ ਨੈਣ ਉਹਨਾਂ ਦੀ ਉਚ ਆਤਮਕ ਅਵਸਥਾ ਦੇ ਸੂਚਕ ਸਨ।

ਆਪਣੇ ਸੰਖੇਪ ਜਿਹੇ ਸੰਸਾਰਕ ਜੀਵਨ-ਕਾਲ ਵਿਚ ਭਾਈ ਹੀਰਾ ਸਿੰਘ ਨੇ ਅਨੇਕਾਂ ਤਪਤ ਹਿਰਦਿਆਂ ਨੂੰ ਬਾਣੀ ਤੇ ਕੀਰਤਨ ਦੁਆਰਾ ਸ਼ਾਂਤ ਕੀਤਾ ਤੇ ਪੰਥਕ, ਵਿਦਿਅਕ ਅਥਵਾ ਸਮਾਜਕ ਕਾਰਜਾਂ ਵਿਚ ਭਰਪੂਰ ਯੋਗਦਾਨ ਪਾਇਆ। ਆਪ ਦੀਆਂ ਸੇਵਾਵਾਂ ਨੂੰ ਮੁਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ 28 ਮਈ 1972 ਨੂੰ ਸਿੱਖ ਸੰਗਤਾਂ ਦੇ ਭਾਰੀ ਇਕੱਠ ਸਾਹਮਣੇ ਭਾਈ ਹੀਰਾ ਸਿੰਘ ਦੀ ਤਸਵੀਰ ਲਗਾਂਦੇ ਹੋਏ ਉਸ ਵੇਲੇ ਦੇ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਗਿਆਨੀ ਚੇਤ ਸਿੰਘ ਜੀ ਨੇ ਹੋਰ ਆਗੂਆਂ ਨੇ ਭਰਪੂਰ ਸ਼ਰਧਾਂਜਲੀਆਂ ਅਰਪਨ ਕੀਤੀਆਂ ਸਨ।

8 ਸਤੰਬਰ 1982 ਨੂੰ ਚੀਫ ਖਾਲਸਾ ਦੀਵਾਨ ਵਲੋਂ ਚਲਾਏ ਜਾ ਰਹੇ ਸੈਂਟਰਲ ਖਾਲਸਾ ਯਤੀਮਖਾਨਾ ਅੰਮ੍ਰਿਤਸਰ ਵਿਚ "ਭਾਈ ਹੀਰਾ ਸਿੰਘ ਰਾਗੀ ਕੀਰਤਨ ਵਿਦਿਆਲਾ" ਖੋਲ੍ਹਿਆ ਗਿਆ, ਜਿਥੇ ਲੋੜਵੰਦ ਤੇ ਚਾਹਵਾਨ ਵਿਦਿਆਰਥੀ ਕੀਰਤਨ ਸਿੱਖਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਜੀ ਦਾ ਜੀਵਨ ਕਿਤਨਾ ਅਮੋਲਕ ਸੀ ਤੇ ਉਹ ਕਿਤਨੇ ਸਤਿਕਾਰੇ ਤੇ ਪਿਆਰੇ ਜਾਂਦੇ ਸਨ। ਕਈ ਸਿੱਖ ਵਿਦਵਾਨ ਭਾਈ ਸਾਹਿਬ ਨੂੰ 'ਪੰਥ ਦਾ ਹੀਰਾ' ਕਿਹਾ ਕਰਦੇ ਸਨ। ਐਸਾ ਨੇਕ ਪੁਰਸ਼ ਭਾਈ ਹੀਰਾ ਸਿੰਘ, ਭਾਈ ਭਾਗ ਸਿੰਘ ਦੇ ਘਰ ਮਾਤਾ ਸਤ-ਭਿਰਾਈ ਦੀ ਕੁੱਖੋਂ 1880 ਵਿਚ ਨਗਰ ਫਿਰੂਕਾ ਵਿਚ ਜੰਮਿਆ। ਬਾਲਕ ਦਾ ਨਾਂ ਹੀ ਹੀਰਾ ਸਿੰਘ ਨਹੀਂ ਸੀ, ਸਗੋਂ ਉਹ ਸੱਚਮੁਚ ਪੰਥ ਦਾ ਹੀਰਾ ਸੀ ਜਿਸ ਨੇ ਆਪਣੀ ਚਮਕ-ਦਮਕ ਨਾਲ ਆਪਣਾ ਆਲਾ-ਦੁਆਲਾ ਚਮਕਾਇਆ-ਰੁਸ਼ਨਾਇਆ।

ਭਾਈ ਹੀਰਾ ਸਿੰਘ ਦੇ ਪਿਤਾ ਭਾਈ ਭਾਗ ਸਿੰਘ ਨੂੰ ਸੰਗੀਤ ਦਾ ਬੜਾ ਸ਼ੌਕ ਸੀ। ਪਿਤਾ ਪਾਸੋਂ ਪੁਤਰ ਨੇ ਇਹ ਸ਼ੌਕ ਅਪਣਾਇਆ। ਅੰਤਰ ਇਹੀ ਸੀ ਕਿ ਭਾਈ ਹੀਰਾ ਸਿੰਘ ਕੀਰਤਨ ਦੇ ਸ਼ੈਦਾਈ ਸਨ, ਜਦ ਕਿ ਆਪ ਜੀ ਦੇ ਪਿਤਾ ਜੀ ਨੂੰ ਕੇਵਲ ਸੰਗੀਤ ਦਾ ਹੀ ਸ਼ੌਕ ਸੀ। ਪਿਤਾ ਜੀ ਪਾਸੋਂ ਸੰਗੀਤ ਦੀ ਸਿੱਖਿਆ ਲੈ ਕੇ ਕੀਰਤਨ ਕਰਨ ਵਿਚ ਪ੍ਰਬੀਨ ਹੋ ਗਿਆ। ਸ਼ਾਦੀ ਤੋਂ ਪਿਛੋਂ ਆਪਣੀ ਪਤਨੀ ਸਮੇਤ ਭਾਈ ਹੀਰਾ ਸਿੰਘ ਕੀਰਤਨ ਦਾ ਰਿਆਜ਼ ਕਰਨ ਲਈ ਭਾਈ ਹੀਰਾ ਸਿੰਘ ਅੰਮ੍ਰਿਤਸਰ ਆ ਗਏ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਕਰਨ ਤੇ ਕੀਰਤਨ ਸੁਣਨ ਦਾ ਆਨੰਦ ਮਾਣਦੇ ਰਹੇ। ਕਈ ਵਾਰੀ

ਆਪ ਬ੍ਰਹਮ ਗਿਆਨੀ ਸੰਤ ਸ਼ਾਮ ਸਿੰਘ ਕੀਰਤਨ ਕਰਨ ਸਮੇਂ ਓਹਨਾਂ ਦੇ ਪਿਛੇ ਬੈਠ ਕੇ ਸ਼ਬਦ ਵੀ ਪੜ੍ਹਦੇ। ਆਪ ਦੀ ਲਗਨ, ਸੁਰਤ ਦੀ ਉਚਤਾ ਸੇਵਾ ਤੇ ਕੀਰਤਨ ਦਾ ਸ਼ੌਕ ਵੇਖ ਕੇ ਸਿੱਖ ਧਰਮ ਦੇ ਮਹਾਨ ਸਾਹਿਤਕਾਰ ਤੇ ਗੁਰਬਾਣੀ ਦੇ ਸਿਧਾਂਤਾਂ ਦੇ ਮਹਾਨ ਪ੍ਰਚਾਰਕ ਭਾਈ ਵੀਰ ਸਿੰਘ, ਭਾਈ ਹੀਰਾ ਸਿੰਘ ਨੂੰ ਆਪਣੇ ਪਾਸ ਲੈ ਗਏ। ਭਾਈ ਸਾਹਿਬ ਦੀ ਦੈਵੀ-ਸੰਗਤ ਵਿਚ ਰਹਿ ਕੇ ਬਹੁਤ ਸਾਰਾ ਸਿੱਖ ਸਾਹਿਤ ਪੜ੍ਹ ਕੇ ਭਾਈ ਹੀਰਾ ਸਿੰਘ ਉਤੇ ਹੋਰ ਰੰਗ ਚੜ੍ਹਿਆ ਤੇ ਓਹਨਾਂ ਦੀ ਸੁਰਤ ਆਤਮਕ ਮੰਡਲਾਂ ਵਿਚ ਪ੍ਰਵਾਜ਼ ਕਰਨ ਲੱਗੀ। ਭਾਈ ਵੀਰ ਸਿੰਘ ਨੇ ਭਾਈ ਹੀਰਾ ਸਿੰਘ ਦੀ ਇਹ ਦਸ਼ਾ ਵੇਖੀ ਤਾਂ ਆਪ ਦੇ ਦਿਲ ਵਿਚ ਭਾਈ ਸਾਹਿਬ ਲਈ ਹੋਰ ਪਿਆਰ ਤੇ ਹਮਦਰਦੀ ਪੈਦਾ ਹੋ ਗਈ। ਭਾਈ ਸਾਹਿਬ ਹੀਰਾ ਸਿੰਘ ਨੂੰ ਆਪਣੇ ਪਿਤਾ ਭਾਈ ਬਾਗ ਸਿੰਘ ਨਾਲ ਮਿਲਾ ਕੇ ਰਾਗੀ ਜਥਾ ਬਨਾਣ ਦੀ ਪਰੇਰਨਾ ਦਿੱਤੀ।

ਇਸ ਤਰ੍ਹਾਂ ਭਾਈ ਬਾਗ ਸਿੰਘ, ਹੀਰਾ ਸਿੰਘ ਦਾ ਕੀਰਤਨੀ ਜਥਾ ਤਿਆਰ ਹੋ ਗਿਆ। ਸ਼ੁਰੂ-ਸ਼ੁਰੂ ਵਿਚ ਉਹ ਅੰਮ੍ਰਿਤਸਰ ਵਿਚ ਹੀ ਕੀਰਤਨ ਕਰਿਆ ਕਰਦੇ ਸਨ ਪਰ ਹੌਲੀ-ਹੌਲੀ ਭਾਈ ਹੀਰਾ ਸਿੰਘ ਦੇ ਸਿਦਕ ਤੇ ਸਿਰੜ ਨਾਲ ਇਹ ਜਥਾ ਆਲੇ-ਦੁਆਲੇ ਵਿਚ ਵੀ ਪ੍ਰਸਿੱਧ ਹੋ ਗਿਆ ਤੇ ਧਾਰਮਿਕ ਦੀਵਾਨਾਂ 'ਤੇ ਬਾਹਰ ਵੀ ਜਾਣ ਲੱਗਾ। ਭਾਈ ਹੀਰਾ ਸਿੰਘ ਦੇ ਕੀਰਤਨ ਤੇ ਸ਼ਬਦ ਦੀ ਵਿਆਖਿਆ ਤੋਂ ਸਿੱਖ ਸੰਗਤਾਂ ਬਹੁਤ ਪ੍ਰਭਾਵਤ ਹੋਈਆਂ। ਇਸ ਤਰ੍ਹਾਂ ਆਪ ਦੇ ਜਥੇ ਨੂੰ ਦੂਰ-ਨੇੜੇ ਦੇ ਸਮਾਗਮਾ ਵਿਚ ਉਚੇਚੇ ਤੌਰ ਤੇ ਬੁਲਾਇਆ ਜਾਣ ਲੱਗਾ। ਇਹ ਜਥਾ ਚੀਫ ਖਾਲਸਾ ਦੀਵਾਨ ਵਲੋਂ ਧਰਮ ਪ੍ਰਚਾਰ ਲਈ ਬਾਹਰ ਵੀ ਭੇਜਿਆ ਜਾਣ ਲੱਗਾ।

ਸਿੱਖ ਵਿਦਿਅਕ ਕਾਨਫਰੰਸਾਂ ਦੇ ਸਮਾਗਮਾਂ ਸਮੇਂ ਧਾਰਮਿਕ ਦੀਵਾਨਾਂ ਵਿਚ ਭਾਈ ਹੀਰਾ ਸਿੰਘ ਦਾ ਰਾਗੀ ਜਥਾ ਆਪਣੇ ਕੀਰਤਨ ਦੁਆਰਾ ਜੋ ਰੰਗ ਬੰਨ੍ਹਦਾ, ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਗੁਜਰਾਂਵਾਲਾ ਵਿਚ ਹੋਈ 1908 ਦੀ ਪਹਿਲੀ ਕਾਨਫਰੰਸ ਤੋਂ ਲੈ ਕੇ ਆਪਣੇ ਜੀਵਨ ਦੇ ਅੰਤ ਤਕ ਭਾਈ ਸਾਹਿਬ ਕਾਨਫਰੰਸਾਂ ਦੀਆਂ ਸਫਲਤਾਵਾਂ ਵਿਚ ਆਪਣਾ ਨਿਸ਼ਕਾਮ ਯੋਗਦਾਨ ਪਾਉਂਦੇ ਰਹੇ। ਪਹਿਲੀ ਕਾਨਫਰੰਸ ਦੀ ਨਿਰਵਿਘਨ ਸਮਾਪਤੀ ਲਈ ਸ਼ੁਕਰਾਨੇ ਦੀ ਅਰਦਾਸ ਸੋਧਣ ਦੀ ਸੇਵਾ ਵੀ ਭਾਈ ਹੀਰਾ ਸਿੰਘ ਨੇ ਹੀ ਨਿਭਾਈ। ਸਿੰਘ ਸਭਾ ਦੇ ਪਰਚਾਰ ਕਰਨ ਸਿੱਖ ਬੱਚਿਆਂ ਦੇ ਵਿਆਹ ਅਨੰਦ ਰੀਤੀ ਅਨੁਸਾਰ ਕਰਨ ਲਗ ਪਏ ਸਨ ਪਰ ਰੂੜ੍ਹੀਵਾਦੀ ਪਰਿਵਾਰ ਬ੍ਰਾਹਮਣਵਾਦ ਦੇ ਪ੍ਰਚਾਰ ਕਾਰਨ ਇਸ ਕਾਰਜ ਵਿਚ ਵਿਘਨ ਪਾਉਂਦੇ ਸਨ। ਪਰ ਭਾਈ ਹੀਰਾ ਸਿੰਘ ਜੀ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਖਤਰੇ ਵਿਚ ਪਾ ਕੇ ਵੀ "ਅਨੰਦ ਕਾਰਜ" ਕਰਾਉਂਦੇ ਰਹੇ। ਸਿੱਖ ਰਹਿਤ ਮਰਯਾਦਾ ਅਨੁਸਾਰ ਇਹ ਓਹਨਾਂ ਦਾ ਬੜਾ ਵੱਡਾ ਯੋਗਦਾਨ ਹੁੰਦਾ ਸੀ। ਵਿਦਿਆ ਪ੍ਰਚਾਰ ਦੇ ਕਾਰਜਾਂ ਵਿਚ ਵੀ ਆਪ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਸਭ ਤੋਂ ਪਹਿਲਾਂ ਆਪ ਨੇ ਆਪਣੇ ਜੱਦੀ ਨਗਰ ਫਿਰੂਕੇ ਵਿਚ ਖਾਲਸਾ

ਹਾਈ ਸਕੂਲ ਕਾਇਮ ਕੀਤਾ ਤੇ ਫੇਰ ਖਾਲਸਾ ਸਕੂਲਾਂ ਤੇ ਕਾਲਜਾਂ ਦੇ ਖੁਲ੍ਹਣ 'ਤੇ ਹਰ ਆਸ਼ਰਮ ਲਈ ਆਪਣੀਆਂ ਸੇਵਾਵਾਂ ਅਰਪਿਤ ਕਰਦੇ ਰਹੇ।

ਆਪ ਜੀ ਦਾ ਜੀਵਨ ਕਰੜੀ ਘਾਲਣਾ ਵਾਲਾ ਜੀਵਨ ਸੀ, ਜਿਸ ਨਾਲ ਆਪ ਦਾ ਸਰੀਰ ਬਹੁਤੀ ਤਕਲੀਫ ਤੇ ਭੱਜ-ਦੌੜ ਸਹਾਰ ਨਾ ਸਕਿਆ। ਕਈ ਵਾਰ ਆਪ ਇਕ ਦੀਵਾਨ ਵਿਚ ਹਾਜ਼ਰੀ ਭਰ ਕੇ ਦੂਰ-ਦਰਾਸ ਦੇ ਥਾਂ 'ਤੇ ਰਾਤੋ-ਰਾਤ ਪੁਜਦੇ ਤੇ ਅੰਮ੍ਰਿਤ ਵੇਲੇ ਦਾ ਦੀਵਾਨ ਉਥੇ ਸਜਾਉਂਦੇ ਸਨ। ਇਸ ਤਰ੍ਹਾਂ ਦੇ ਕਰੜੇ ਯਤਨਾਂ ਕਰਕੇ ਆਪ ਨੂੰ ਆਂਦਰਾ ਦਾ ਕੈਂਸਰ ਹੋ ਗਿਆ। ਇਸ ਦਾ ਪਤਾ ਭਾਵੇਂ 1924 ਵਿਚ ਲੱਗ ਚੁੱਕਾ ਸੀ ਪਰ ਆਪ ਸੰਗਤਾਂ ਦੇ ਹੁਕਮ ਮੰਨ ਕੇ ਸਮਾਗਮਾਂ 'ਤੇ ਪੁਜਦੇ ਰਹੇ। ਫਲਸਰੂਪ 1925 ਵਿਚ ਆਪ ਬਹੁਤ ਕਮਜ਼ੋਰ ਹੋ ਗਏ। ਆਪ ਨੂੰ ਆਰਾਮ ਲਈ ਡੇਹਰਾਦੂਨ ਲੈਜਾਇਆ ਗਿਆ।

30 ਅਗਸਤ 1926 ਨੂੰ ਆਪ ਦੇ ਪਰਮ ਸਨੇਹੀ ਭਾਈ ਸੁਧ ਸਿੰਘ ਰਾਗੀ ਵੀ ਆਪ ਪਾਸ ਡੇਹਰਾਦੂਨ ਪੁਜ ਗਏ ਤੇ ਭਾਈ ਹੀਰਾ ਸਿੰਘ ਪਾਸ ਬੈਠ ਕੇ ਗੁਰਬਾਣੀ ਦਾ ਨਿਰੰਤਰ ਪਾਠ ਕਰਨ ਲਗੇ। ਠੀਕ ਤੀਸਰੇ ਦਿਨ ਭਾਵ 2 ਦਸੰਬਰ 1926 ਨੂੰ ਭਾਈ ਹੀਰਾ ਸਿੰਘ ਦੀ ਆਤਮਾ ਸਰੀਰ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਸਰੀਰਕ ਤੌਰ ਤੇ ਆਪਣੇ ਰਿਸ਼ਤੇਦਾਰਾਂ, ਸਨੇਹੀਆਂ ਤੇ ਮਿਤਰਾਂ ਤੋਂ ਸਰੀਰਕ ਤੌਰ 'ਤੇ ਸਦਾ ਲਈ ਵਿਛੜ ਗਏ। ਪਰ ਕੀਰਤਨ ਸਦਕਾ ਅਤੇ ਆਪਣੇ ਕੀਤੇ ਭਲੇ ਦੇ ਕਾਰਜਾਂ ਸਦਕਾ ਉਹ ਸਦਾ ਹੀ ਯਾਦ ਜਾਂਦੇ ਰਹਿਣਗੇ।

# ਪੰਜਾਬੀ ਸਾਹਿਤ ਤੇ ਮੁਫ਼ਤ-ਖ਼ੋਰੀ

—ਡਾ: ਗੁਰਚਰਨ ਸਿੰਘ 'ਸ ਕੀ'

ਸੰਪਾਦਕ–ਸੂਲ ਸੁਰਾਹੀ

ਮੁਫ਼ਤ-ਖ਼ੋਰੀ ਉਂਜ ਬੜਾ ਸਸਤਾ ਤੇ ਸੁਆਦਲਾ ਸੌਦਾ ਹੈ ! ਮੁਫ਼ਤ-ਖ਼ੋਰੀ ਕਰਨ ਵਾਲਾ ਵਿਅਕਤੀ ਬੜਾ ਸੌਖਾ-ਸੌਖਾ ਅਨੁਭਵ ਕਰਦਾ ਹੈ, ਕਿਉਂਕਿ 'ਹਿੰਗ ਲਗ ਨਾ ਫਟਕੜੀ, ਰੰਗ ਵੀ ਚੋਖਾ ਆਏ !' ਏਹੋ ਕਾਰਨ ਹੈ ਕਿ ਮੁਫ਼ਤ-ਖ਼ੋਰੀ ਕਰਨ ਨੂੰ ਹਰ ਕਿਸੇ ਦਾ ਹੀ ਚਿੱਤ ਕਰ ਆਉਂਦਾ ਹੈ। ਵਿਅਕਤੀਗਤ ਤੌਰ 'ਤੇ ਇਹ ਸੌਦਾ ਲਾਹੇਵੰਦਾ ਭਾਵੇਂ ਲੱਗਦਾ ਹੋਵੇ ਪਰ ਸਮਾਜਕ-ਦ੍ਰਿਸ਼ਟੀਕੋਣ ਤੋਂ ਤਾਂ ਮੁਫ਼ਤ-ਖ਼ੋਰੀ ਉਹ ਅੰਬਰ ਵੇਲ ਹੈ ਜੋ ਟੀਸੀ ਤੋਂ ਲੈ ਕੇ ਜੜ੍ਹਾਂ ਤੀਕਰ ਸਮਾਜ ਨੂੰ ਲੈ ਬਹਿੰਦੀ ਹੈ !! ਸੋ, ਅੰਤਮ-ਪੜਾਅ 'ਤੇ ਇਹ, ਵਿਅਕਤੀ ਨੂੰ ਹੀ ਆਪਣੀ ਲਪੇਟ ਵਿਚ ਆਣ ਦਬੋਚਦੀ ਹੈ।

ਉਂਜ ਤਾਂ ਮੁਫ਼ਤ-ਖ਼ੋਰੀ ਸ਼ਾਇਦ ਦੁਨੀਆਂ ਦੇ ਤਖਤੇ 'ਤੇ ਹੀ ਹੋਵੇ, ਕਿਉਂਕਿ ਮਨੁੱਖੀ ਸੁਭਾਅ ਦੀ ਕਮਜ਼ੋਰੀ ਜੋ ਹੋਈ, ਪਰ ਇਹ ਜਿੰਨੀ ਭਾਰਤ-ਵਰਸ਼ ਵਿਚ ਹੈ, ਓਨੀ ਸ਼ਾਇਦ ਹੀ ਕਿਸੇ ਦੇਸ਼ ਵਿਚ ਹੋਵੇ। ਦਰਅਸਲ ਭਾਰਤ ਦੀ ਉਪਜਾਊ ਧਰਤੀ ਵਿਚ ਮਨੁਖੀ ਸੁਭਾਅ ਦੀਆਂ ਸਭੇ ਕਮਜ਼ੋਰੀਆਂ ਕੁਝ ਵਧੇਰੇ ਹੀ ਪਨਪਦੀਆਂ ਤੇ ਪਲਰਦੀਆਂ ਹਨ !! ਏਸ ਬਿਮਾਰੀ ਦੇ ਬੀਜ ਭਾਵੇਂ ਆਰਥਕ-ਸੰਕਟ, ਸ਼ੋਸ਼ਣ ਵਾਲੀ ਜ਼ਹਿਨੀਅਤ, ਮਾਨਸਿਕ-ਪਧਰ ਦੀ ਗਿਰਾਵਟ ਆਦਿਕ 'ਚੋਂ ਆਉਂਦੇ ਹੋਣ ਪਰ 'ਕਾਂਗਰਸ-ਬੂਟੀ' (ਘਾਹ) ਵਾਂਗ ਹਨ ਬੜੇ ਨਰੋਏ ਤੇ ਪੱਲਰਵੇਂ !

ਜੀਵਨ ਦੇ ਹੋਰ ਪਖਾਂ ਨਾਲੋਂ ਸਾਹਿਤਕ-ਪਿੜ, ਵਿਸ਼ੇਸ਼-ਕਰ ਪੰਜਾਬੀ ਸਾਹਿਤਕ-ਖੇਤਰ ਉਤੇ ਤਾਂ ਇਸ ਰੋਗ ਦਾ ਹਮਲਾ ਕੁਝ ਵਧੇਰੇ ਹੀ ਹੋਇਆ ਹੈ। ਬਸ ਰੇਲ ਦੇ ਸਫਰ ਸਮੇਂ ਜੇਕਰ ਕੋਈ ਇਕ-ਅੱਧ ਸ਼ੌਕੀਨ-ਸਵਾਰੀ ਅਖ਼ਬਾਰ ਖ਼ਰੀਦ ਬਹਿੰਦੀ ਹੈ ਤਾਂ ਨੇੜ-ਤੇੜ ਦੀਆਂ ਅੱਧੀਆਂ ਕੁ ਸਵਾਰੀਆਂ, ਉਸ ਪਰਚੇ 'ਤੇ ਸਿੱਧੀਆਂ ਜਾਂ ਟੇਡੀਆਂ ਨਜ਼ਰਾਂ ਨਾਲ ਗੁਜ਼ਾਰਾ ਕਰ ਹੀ ਲੈਣਗੀਆਂ ! ਇਸੇ ਤਰ੍ਹਾਂ ਹੀ ਪੁਸਤਕ ਦੀ ਗੱਲ ਲੈ ਲਉ !! ਤੁਹਾਡੇ ਘਰ ਆਇਆ ਸੱਜਨ-ਮਿੱਤਰ ਘਰ ਪਈ ਪੁਸਤਕ ਵੇਖ ਕੇ ਮੰਗ ਕਦੇ ਨਹੀਂ ਕਰੇਗਾ, ਕਿਉਂਕਿ ਮੰਗਣਾ ਤਾਂ ਸਭਿਅਤਾ ਦੇ ਪੱਧਰ ਤੋਂ ਨੀਵੀਂ ਗੱਲ ਹੈ। ਬੱਸ, ਉਹ ਤੁਹਾਡੇ ਘਰੋਂ ਟੁਰਦੀ ਵਾਰੀ, ਪੁਸਤਕ ਚੁਕਣ ਮਗਰੋਂ ਹੀ ਆਖੇਗਾ—"ਬਈ ! ਮੈਂ ਇਹ ਕਿਤਾਬ ਲੈ ਚਲਿਆਂ ..!" ਸਮਾਜਕ-ਗਿਆਨ ਦੇ 'ਪੰਡਤ-ਸੁਰਤੇ' ਜਿਹੇ ਵੇਤਾ ਕੋਈ ਮੂਰਖ ਤਾਂ ਨਹੀਂ ਸਨ ਜਿਹਨਾਂ ਦਾ ਤੱਤ-ਨਚੋੜ ਹੈ ਕਿ :—

—ਪਰ ਘਰ ਗਈ ਨਾ ਬਹੁੜੇ ਪੋਥੀ, ਕਾਨੀ, ਨਾਰ !
ਟੁੱਟੀ-ਭੱਜੀ ਆ ਮੁੜੇ, ਜੇ ਮੋੜੇ ਕਰਤਾਰ !!—(ਪੰਡਤ ਸੁਰਤਾ)

ਬੱਸ, ਗਈ ਸੋ ਗਈ !.. ਤੁਸੀਂ ਲੋੜ ਪੈਣ ਤੇ ਲੱਭਦੇ ਹੀ ਰਹਿ ਜਾਉਗੇ—'ਕੌਣ ਲੈ ਗਿਆ ਸੀ ?... ਸ਼ਾਇਦ ਫਲਾਣਾ ..! ਸ਼ਾਇਦ ਫਲਾਣਾ !!...

ਸੁਣਨ-ਪੜ੍ਹਨ ਵਿਚ ਆਉਂਦਾ ਹੈ ਕਿ ਵਿਦੇਸ਼ੀ ਲੋਕ ਸਾਹਿਤਕ ਖੇਤਰ ਦੀ ਮੁਫ਼ਤ-ਖ਼ੋਰੀ ਨੂੰ ਖ਼ਾਸ-ਕਰ ਤੌਹੀਨ ਸਮਝਦੇ ਹਨ ! ਆਪਣੀ ਆਮਦਨ ਦਾ ਇਕ ਨਿਸਚਿਤ-ਭਾਗ ਉਹ ਸਾਹਿਤ ਦੇ ਪੇਟੇ ਜ਼ਰੂਰ ਪਾਉਣਗੇ !! ਦੂਜੇ ਪਾਸੇ, ਸਾਡੇ ਪੰਜਾਬ ਵਿਚ ਕਰੋੜਾਂ ਰੁਪਏ ਦੀ, ਹਰ-ਮਹੀਨੇ ਦਾਰੂ ਦੀ ਵਿਕਰੀ ਹੈ, ਪਰ ਸਾਹਿਤ ਵਿਚਾਰੇ ਤੇ ਉਸਦਾ ਦਸਵੰਧ ਤਾਂ ਕੀ, ਸੌਵਾਂ ਹਿੱਸਾ ਵੀ ਨਹੀਂ ਲੱਗਦਾ ਹੋਣਾ ! ਪ੍ਰਤੀ-ਵਿਅਕਤੀ, ਹਰ ਮਹੀਨੇ ਪੰਜ ਰੁਪਏ ਦਾ ਖਰਚ ਵੀ ਨਹੀਂ ਹੁੰਦਾ ਹੋਵੇਗਾ !! ਭਾਵ ਇਹ ਕਿ ਏਥੇ ਸਰੀਰ ਦੀ ਰਿਸ਼ਟ-ਪੁਸ਼ਟਤਾ ਦੀ ਹੀ ਲੋੜ ਹੈ, ਮਾਨਸਿਕਤਾ ਮਰਦੀ ਹੈ ਤਾਂ ਪਈ ਮਰ ਜੇ, ਭੁੱਖੀ !! ..

ਹਿੰਦੀ-ਪੰਜਾਬੀ ਦੇ ਵਿਵਾਦ ਵਿਚ ਜੂਝਣ ਵਾਲੇ (ਮਧੂ-ਪਾਨ ਨਾ ਕਰਨ ਵਾਲੇ) ਇਕ ਸਰਦੇ-ਪੁਜਦੇ ਸੱਜਨ ਨੇ, ਜਦ ਉਹਨੂੰ ਸਾਹਿਤ ਉੱਤੇ ਮਾਇਆ ਖਰਚਣ ਦੀ ਗੱਲ ਆਖੀ ਗਈ, ਮੇਰੇ ਮੂੰਹ 'ਤੇ ਇਕ ਮੋਟਾ ਜਿਹਾ ਪ੍ਰਸ਼ਨ ਕੱਢ ਮਾਰਿਆ—"ਸਾਨੂੰ ਕੀ ਲਾਭ ?" ਜਿਵੇਂ ਹਰ ਇਕ ਹਾਣ-ਲਾਭ ਕੇਵਲ ਕਰੰਸੀ ਦੇ ਰੂਪ ਵਿਚ ਹੀ ਵਿਉਂਤਿਆ ਜਾਣਾ ਜ਼ਰੂਰੀ ਹੋਵੇ !

ਸਾਹਿਤ ਦੇ ਰਖਵਾਲਿਆਂ ਦੀ ਗੱਲ ਵੀ ਲੈ ਲਵੋ ! ਇਹ ਲੋਕ ਜਦ ਵੀ ਕਿਸੇ ਸਾਹਿਤਕ-ਮਿਲਣੀ 'ਤੇ ਟੱਕਰਨਗੇ ਤਾਂ ਪੁੱਛਣਗੇ—"ਹੋਰ ?.. ਪਰਚੇ ਦਾ ਕੀ ਹਾਲ ਐ ? ...ਹਣ ਤਾਂ ਕਦੇ ਵੇਖਿਆ ਈ ਨੀਂ, ਪਰਚਾ ! .. ਘੱਲ ਛੱਡਿਆ ਕਰੋ !! ..." ਬਦੋ-ਬਦੀ ਆਪਣਾ ਐਡਰਸ ਲਿਖਵਾ ਕੇ ਤਾੜਨਾ ਭਰੀ ਫ਼ਰਮਾਇਸ਼ ਪਾ ਧਰਨਗੇ ! ... ਪਰ ਕਦੇ-ਕਦਾਈਂ ਤਾਂ ਕੌੜੇ-ਕਸੈਲੇ ਹੋ ਕੇ ਉਹਨਾਂ ਨੂੰ ਆਖਣਾ ਪੈ ਹੀ ਜਾਂਦੈ —"ਭਰਾਵਾ, ਚੰਦਾ ਜਾਂ ਰਚਨਾ ਭੇਜੋਗੇ ਤਾਂ ਪਰਚਾ ਅਵੱਸ਼ ਪੁੱਜੇਗਾ...! ਇਕੋ ਹੱਥ ਨਾਲ ਤਾੜੀ ਕਿਵੇਂ ਵੱਜੇ ? "

ਪੰਜਾਬੀ ਪੱਤਰਕਾਰੀ ਦੇ ਖੇਤਰ ਦਾ ਤਾਂ ਇਹ ਹਾਲ ਹੈ ਕਿ ਉੱਚੇ 'ਟਿੱਲਿਆਂ ਵਾਲੇ ਗੁਰੂ 'ਗੋਰਖ-ਨਾਥ' ਤਾਂ ਹਰ ਪਰਚੇ ਦੀ ਮੁਫ਼ਤ ਪਰਾਪਤੀ ਆਪਣਾ ਜਨਮ-ਸਿੱਧ ਅਧਿਕਾਰ ਮੰਨਦੇ ਹਨ। ਓਂਜ, ਜੇ ਪਰਚਾ ਘੱਲ ਦੇਈਏ ਤਾਂ ਉਸਦੀ ਪਹੁੰਚ ਤਸਦੀਕ ਕਰਨ ਵਿਚ ਵੀ ਆਪਣੀ ਹਨੀ ਸਮਝਦੇ ਹਨ ! ਜਿਥੋਂ ਤਕ ਦਫ਼ਤਰਾਂ ਦਾ ਸੰਬੰਧ ਹੈ, ਤੁਸੀਂ 'ਬਾਬੂ' (ਕਲਰਕ) ਵਿਚਾਰ ਤੋਂ ਚੰਦੇ ਦੀ ਆਸ ਨਹੀਂ ਰੱਖ ਸਕਦੇ, ਤੇ ਅਫ਼ਸਰ ਤੋਂ ਮੰਗ ਨਹੀਂ ਸਕਦੇ !! 'ਟਿੱਲਿਆਂ' ਵਾਲੇ ਤਾਂ ਪਰਚਾ ਮੁਫ਼ਤ ਨੂੰ ਲੈ ਕੇ ਵੀ ਰੱਦੀ ਦੀ ਟੋਕਰੀ ਵਿਚ ਈ ਸੁਟਦੇ ਹਨ। ਜੇਬ ਨੂੰ ਸੇਕ ਲੱਗਿਆ ਹੋਵੇ, ਤਾਂ ਹੀ ਤਾਂ ਉਸਨੂੰ ਗੌਲਣ ! ਸਾਡੀ ਰਾਜਧਾਨੀ ਦੀਆਂ 'ਰੱਦੀ' ਦੀਆਂ ਟੋਕਰੀਆਂ 'ਤੇ "ਬੜੇ ਹੀ ਸਤਿਕਾਰ ਸਹਿਤ ਭੇਟ" ਕੀਤੀਆਂ ਹੋਈਆਂ ਪੁਸਤਕਾਂ ਕੌਡੀਆਂ ਦੇ ਭਾਅ ਵਿਕਦੀਆਂ ਵੇਖੀਆਂ ਗਈਆਂ ਹਨ !! ਭਾਵ ਇਹ, ਕਿ 'ਲੇਖਕ' ਅਤੇ ਪ੍ਰੇਮ-ਭੇਟਾ ਪ੍ਰਾਪਤ ਕਰਤਾ', ਦੋਨਾਂ ਨੂੰ ਤਾਂ ਉਸ

ਪੁਸਤਕ ਦਾ ਕੋਈ ਲਾਭ ਨਾ ਹੋ ਸਕਿਆ, ਹਾਂ 'ਰੱਦੀ' ਵੇਚਣ ਵਾਲੇ ਨੂੰ ਉਸਦਾ ਕੁਝ ਕੁ ਨਿੱਘ ਜ਼ਰੂਰ ਮਿਲ ਗਿਆ !!—

ਤੁਸੀਂ ਕਹੋਗੇ ਕਿ ਪੰਜਾਬੀ-ਸਾਹਿਤ ਵਿਚ ਮੁਫ਼ਤ-ਖ਼ੋਰੀ ਦੀ ਬੀਮਾਰੀ ਦਾ ਕਾਰਨ ਸਾਡੇ ਅਨਪੜ੍ਹ ਜਾਂ ਅਧ-ਪੜ੍ਹ ਰਾਜਨੀਤਕ-ਨੇਤਾ, ਉਹਨਾਂ ਦੁਆਰਾ ਬਣਾਈ ਰੋਗੀ ਆਰਥਕ-ਨੀਤੀ, ਪੜ੍ਹਨ ਲਈ ਵਿਹਲ ਦੀ ਘਾਟ, ਲੇਖਕਾਂ ਦਾ ਪੰਡਤਾਊ-ਪੁਣਾ ਦਿਖਾਉਣਾ ਅਥਵਾ ਗੱਲ ਨੂੰ ਲੱਛੇ-ਦਾਰ ਬਣਾ ਕੇ ਜਲੇਬੀ ਜਿਹੀ ਤਲਨ ਦੀ ਆਦਤ ਜਾਂ ਪ੍ਰਕਾਸ਼ਕਾਂ ਦੀ ਬਾਣੀਆ-ਨੀਤੀ, ਜਿਸ ਰਾਹੀਂ ਲੇਖਕ-ਪਾਠਕ ਦੋਹਾਂ ਦੀ ਛਿੱਲ ਲਹਿੰਦੀ ਹੈ, ਇਸਦੇ ਲਈ ਜ਼ਿੰਮੇਵਾਰ ਹੈ ! ਪਰ, ਸਾਡਾ ਮੱਤ ਹੀ ਨਹੀਂ, ਸਗੋਂ ਨਿਸਚਾ ਹੈ ਕਿ ਉਪਰੋਕਤ ਕਾਰਨ ਤਾਂ ਮਗਰਲੀਆਂ ਗੱਲਾਂ ਹਨ, ਵਾਸਤਵ ਵਿਚ ਤਾਂ—'ਮਨ ਹਰਾਮੀ, ਹੁੱਜਤਾਂ ਢੇਰ...' ਵਾਲੀ ਗੱਲ ਹੀ ਹੈ ! ਸਾਡੀ ਆਪਣੀ ਨੀਯਤ ਰਾਸ ਨਹੀਂ !!

## "ਗ਼ਜ਼ਲ" ਨੌਵੇਂ ਪਿਤਾ ਦੀ ਸ਼ਹਾਦਤ

**ਹਰਜਾਪ ਸਿੰਘ**

ਕਿਸ ਸਿਤਮਗਰ ਨੇ ਪਿਤਾ ਨੌਵਾਂ ਭੁਲਾ ਛੱਡਿਆ ਏ।
ਉਸਦੇ ਬਲੀਦਾਨ ਨੇ ਦੁਨੀਆਂ ਨੂੰ ਜਗਾ ਛੱਡਿਆ ਏ।
ਦਿਲ ਜਿਗਰ ਚੂਰ ਹੋਇਆਂ ਅੱਖੀਆਂ ਦੇ ਅੱਥਰੂ ਨਾ ਰਹੇ।
ਵਹਿਸ਼ੀਅਤ ਇਸ ਦਾ ਗਿਲਾ ਦਿਲ ਚ ਦਬਾ ਛੱਡਿਆ ਏ।
ਧਰਮ ਦਾ ਦੀਵਾ ਹਨੇਰੇ ਚ ਜਗਾਇਆ ਸੀ ਜੋ ਤੂੰ
ਓਹੀ ਦੀਪਕ ਤੇਰਾ ਦੁਨੀਆਂ ਨੂੰ ਜਗਾ ਰੱਖਿਆ ਏ।
ਵੇਖ ਜਾ ਪਰਤ ਕੇ ਇੱਕ ਵਾਰ ਧਰਮ ਆਪਣੇ ਨੇ
ਤੇਰੇ ਦਸਮੇਸ਼ ਨੇ ਗੁਲਸ਼ਨ ਹੀ ਬਣਾ ਛੱਡਿਆ ਏ।

---

## ਦੀਦਾਰ—ਏ—ਦਸਮੇਸ਼

**ਹਰਜਾਪ ਸਿੰਘ**

ਮਹਿਕ ਆਉਂਦੀ ਹੈ ਇਹ ਕਿਸਦੀ ਨੀਲੇ ਤੇ ਕੌਣ ਆ ਰਿਹਾ
ਅਰਜ਼ ਸੁਰਜੀਤ ਹੋਈ ਸ਼ਹਿਨਸ਼ਾਹ ਇੱਕ ਆ ਰਿਹਾ
ਲਾਲ ਸੂਹੀ ਕਲਗੀ ਜਿਸਦੀ ਕੌਣ ਹੈ ਇਹ ਸਰਫ਼ਰੋਸ਼
ਨੂਰ ਰੌਸ਼ਨ ਟਪਕਦਾ ਏ ਰਹਿਬਰੇ ਜੱਗ ਆ ਰਿਹਾ
ਹੈ ਇਲਾਹੀ ਜੋਤ ਜਗਮੱਗ ਸਵਰਗ ਹੈ ਇਸਦੀ ਆਗੋਸ਼
ਦੀਨ ਦੁਖੀਆਂ ਨੂੰ ਤਾਂ ਪੁੱਛੋ ਗੀਤ ਉਸਦੇ ਗਾ ਰਿਹਾ
ਮਹਿਕ ਆਉਂਦੀ ਹੈ ਇਹ ਕਿਸਦੀ ਨੀਲੇ ਤੇ ਕੌਣ ਆ ਰਿਹਾ
ਪੀਰ ਤੇ ਫ਼ਕੀਰ ਸਭ ਨੂੰ ਹੈ ਪਤਾ ਇਸ ਭੇਦ ਦਾ
ਕੌਣ ਵਿਚ ਅਨੰਦਪੁਰ ਦੇ ਅਦਲ ਹੈ ਵਰਤਾ ਰਿਹਾ
ਮਹਿਕ ਆਉਂਦੀ ਹੈ ਇਹ ਕਿਸਦੀ ਨੀਲੇ ਤੇ ਕੌਣ ਆ ਰਿਹਾ
ਕੌਣ ਚੰਗਾ ਕੌਣ ਮਾੜਾ ਧਰਮ ਨਹੀਂ ਹੁੰਦੇ ਬੁਰੇ
ਧਰਮ ਦਾ ਪਰਚਮ ਝੁਲਾਵਣ ਬਾਦਸ਼ਾਹ ਆ ਰਿਹਾ
ਮਹਿਕ ਆਉਂਦੀ ਹੈ ਇਹ ਕਿਸਦੀ ਨੀਲੇ ਤੇ ਕੌਣ ਆ ਰਿਹਾ

## ਰਾਗ ਸੋਰਠਿ ਮਹਲਾ ੫

ਸੁਖ ਮੰਗਲ ਕਲਿਆਣ

ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥

ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥ ੧ ॥

ਉਬਰੇ ਸਤਿਗੁਰ ਕੀ ਸਰਣਾਈ ॥

ਜਾਕੀ ਸੇਵ ਨ ਬਿਰਥੀ ਜਾਈ ॥ ੧ ਰਹਾਉ ॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥

ਨਾਨਕ ਬਿਘਨੁ ਨ ਲਾਗੈ ਕੋਊ ਪ੍ਰਭੁ ਹੋਆ ਮੇਰਾ ਕਿਰਪਾਲ ॥ ੨ ॥ ੧੨ ॥ ੪੦ ॥

**Sorth 5th Guru beheading the Lord's feet I am blessed with comfort bliss salvation and celestial melody**
The saviour has saved the child, and the True Guru has rid him of the fever.
Repairing to the True Guru 's protection, I am saved.
The Guru is such, whose service goes not vain. (pause)
When one 's Lord becomes merciful, there is joy in home and again there is joy obroad.
Nanak, no obstacle befalls me, since my Master has become mercifnl unto me.

ਸੋਰਠਿ ਪੰਜਵੀਂ ਪਾਤਸ਼ਾਹੀ
ਪ੍ਰਭੂ ਦੇ ਪੈਰ ਪੇਖਣ ਦੁਆਰਾ ਮੈਨੂੰ ਆਰਾਮ, ਖੁਸ਼ੀ,
ਮੋਖਸ਼ ਅਤੇ ਬੈਕੁੰਠੀ ਕੀਰਤਨ ਪਰਾਪਤ ਹੋ ਗਏ ਹਨ ।
ਬਚਾਉਣ ਵਾਲੇ ਨੇ ਬਾਲਕ ਨੂੰ ਬਚਾ ਲਿਆ ਹੈ ਅਤੇ ਸਚੇ ਗੁਰਾਂ ਨੇ ਉਸ ਦਾ ਬੁਖਾਰ ਲਾਹ ਦਿਤਾ ਹੈ ।
ਸਚੇ ਗੁਰਾਂ ਦੀ ਪਨਾਹ ਲੈਣ ਦੁਆਰਾ ਮੈਂ ਬਚ ਗਿਆ ਹਾਂ । ਗੁਰੂ ਜੀ ਐਸੇ ਹਨ, ਜਿਨ੍ਹਾਂ ਦੀ ਘਾਲ ਵਿਅਰਥ ਨਹੀਂ ਜਾਂਦੀ । ਠਹਿਰਾਉ ।
ਜਦ ਆਪਣਾ ਸੁਆਮੀ ਮਿਹਰਬਾਨ ਹੋ ਜਾਂਦਾ ਹੈ ਤਾਂ ਗ੍ਰਿਹ ਵਿਚ ਖੁਸ਼ੀ ਅਤੇ ਮੁੜ ਬਾਹਰ ਭੀ ਖ਼ੁਸ਼ੀ ਹੀ ਹੈ ।
ਨਾਨਕ ਮੈਨੂੰ ਭੀ ਔਕੜ ਨਹੀਂ ਵਿਆਪਦੀ ਕਿਉਂਕਿ ਮੈਂਡਾ ਮਾਲਕ ਮੇਰੇ ਉਤੇ ਮਿਹਰਬਾਨ ਹੋ ਗਿਆ ਹੈ ।

**ਪਰਿਚ :**

ਰਾਗ 'ਸੋਰਠਿ' ਖਮਾਜ ਥਾਟ ਦਾ ਰਾਗ ਹੈ। ਇਸ ਵਿਚ ਦੋਨੋ ਨਿਸ਼ਾਧ ਲਗਦੇ ਹਨ। ਆਰੋਹ ਵਿਚ ਨਿ ਸ਼ੁਧ ਤੇ ਅਵਰੋਹ 'ਚ ਨਿ ਕੋਮਲ ਲਗਦੇ ਹਨ। ਆਰੋਹ ਵਿੱਚ ਗ, ਧ ਅਤਿ ਦੁਰਲਭ ਹੁੰਦੇ ਹਨ ਕਈ ਵਿਦਵਾਨ ਇਹਨਾ ਨੂੰ ਆਰੋਹ ਵਿੱਚ ਵਰਜਿਤ ਵੀ ਮੰਨਦੇ ਹਨ ਅਵਰੋਹ ਵਿੱਚ ਰੇ ਵਕਰ ਹੈ। ਸ਼ਾਸ਼ਤਰੀ ਸੰਗੀਤ ਵਿੱਚ ਇਸ ਨੂੰ ਦੇਸ਼ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

—ਸੰਗੀਤਕਾਰ—ਜੀ. ਐਸ. ਸਰਦਾਰ,
ਰਾਜਿੰਦਰ ਨਗਰ, ਨਵੀਂ ਦਿੱਲੀ।

**ਆਰੋਹ :—** ਸ, ਰੇ, ਮ, ਪ, ਨਿ, ਸੰ

**ਅਵਰੋਹ :—** ਸੰ ਨਿ਼ ਧ ਪ ਮ ਗ ਰੇ ਗ ਨਿ ਸ

## ਇਹ ਬੰਦਿਸ਼ ਝਪਤਾਲ ਵਿਚ ਨਿਬੱਧ ਹੈ

| × | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਰੇ | — | ਮ | — | ਮ | ਪ | ਮ | ਪ | — | ਪ |
| ਸੂ | s | ਖ | s | ਮੰ | ਗ | ਲ | ਕ | s | ਲਿ |
| ਮਪ | ਧ | ਮ | — | ਮ | ਗ | ਰੇ | ਗ | ਸ | ਸ |
| ਆs | s | ਨ | s | ਸ | ਹ | ਜ | ਧੁ | s | ਨ |
| ਮ | ਪ | ਨਿ | - - | — | ਸੰ | ਨਿ | ਸੰ | — | ਰੇਂ |
| ਪ੍ਰ | ਭ | ਕੇ | s | s | ਚ | ਰ | ਨ | s | ਸ |
| ਨਿ਼ | ਧ | ਪ | — | ਧ | ਮ | ਗ | ਰੇਗ | ਨਿ਼ | ਸ |
| | ਵ | ਰਾ | s | ਰਿ | ਆ | s | ss | s | s |

# ਅੰਤਰਾ

| | | | | | | | | | |
|---|---|---|---|---|---|---|---|---|---|
| ਮ | ਮ̍ | ਮ | — | ਮ | ਪ | — | ਨਿ | — | — |
| ਰਾ | s | ਖ | s | ਨ | ਰਾ | s | ਰੈ | s | s |
| ਸਂ | — | ਸਂs | — | ਰੇ | ਨਿ | — | ਸਂ | — | ਸਂ |
| ਰਾ | s | ਖਿਓ | s | s | ਬਾ | s | ਰਿ | s | ਕੁ |
| ਰੇਂ | ਗਂ | ਨਿ | ਸ | ਸਂ | ਨਿ̱ | ਧ | ਪ | — | ਪ |
| ਗ | ਤਿ | ਗੁ | s | ਰ | ਤਾਂ | s | ਪੁ | ss | ਉ |
| ਮਪ | ਧ | ਮ | — | ਮ | ਗ | ਰੇਗੁ | ਨਿ਼ | ਸ | ਸ |
| ਤਾs | s | ss | s | ਰਿ | ਆ | ss | s | s | s |

# 'GHAR'

—Daljit Singh

In Most of the hymns in Sri Guru Granth Sahib side by side with the rage of the mode of music 'ghar' is also prescribed for its rendering. As many as 17 ghars are mentioned in Gurbani Meaning of the term 'ghar' is, however rather obscure. For its clarification, therefor, late Dr Gobind Singh Mansukhani who was himself an authority on Gurbani music or kirtan, instituted a competition, and invited essays on "Ghar-1 to 17' The brief article which follows, came in response to that call, and is being published to draw the attention of loves of kirtan, particularly those who are well-versed in classical music, in the hope that they will take up the issue where Dr. Mansukhani left, and pool their knowledge for a satissfactory understanding of the term.

—Editor

## "Ghar - 1 to 17"

Raga and Ghar slipulated at the headings of most of the shabads in Guru Granth Sahib. Mahallas and Ghers are numbered, and these are traditionally pronounced as : pehlaa, doojaa, teejaa, chautha (first, second, third fourth) and so on. Ghar stands for the starting note (swar) of shabad as explained below. Let us examine in detail the connotation of the word Ghar as the starting note of a shabed. The ancient Sanskrit word 'Graha', literally means a home, modified to 'ghar' in Punjabi language. The word graha began to be used for the first note of a song during the Vedic period. Similar developments in musical parlance took place in the west, and English-speaking musicians call it the 'home-note' even today. They sometime call it the tonic[6] because the starting note determines the totality of a piece of music.

A musical composition starts from the home-note, and after meandering through several notes it generally returns to its 'home', hence called home-note, which gives the listeners a feeling of satisfaction, through a sense of completion of finality. This pull to the tonic is ingrained in our minds, through usage of this musical practice over the centuries For instance, if we sing or play the notes Saa Ri we are left with a feeling as if we have not arrived at a satisfying end. Thus a degree of tension is generated in our minds, which is resolved when we sing or play the note Saa again (which is the tonic or the home-note), that is Saa-Ri-Saa So this small fragment returns before Its end, to the key in which it started. which is the home-note.

Since fundamental principles of music are the same in a regions of the world, music is considered to be a universal language Much of ancient knowledge was exchanged between East and west through the middle-country of the Greeks. We may state as an analogy that in the West also the starting note is speciale. For instance music compositions are stated to be in 'C (Saa) Major or 'C Minor' and as (Ri) Major or 'D Minar', and so on, as the case may be. It is understood thet the first note to be sounded is C or D (respectively), and that the work is in Major mode or in a Minar mode, as the case may be.

Note names for a Saptak are :

| | |
|---|---|
| Indian : | S, R, G, M, P, D, N |
| English : | C, D, E, F, G, A, B |
| Universal : | I, II, III, IV, V, VI VII |

Since 12-Tone harmonium was not invented during the earner period Bhai Mardana, and the Rababis used Arabian Scale of 17 micro tones or (Sarutis) These were divided in the Saptak as follows :

$$\frac{3,}{S}\quad \frac{3,}{R}\quad \frac{1,}{G}\quad \frac{3,}{M}\quad \frac{3,}{P}\quad \frac{1,}{D}\quad \frac{3}{N}$$

Hence we find that most of the Shabads are in Ghars I, II and III which are covered by the note "saa" Generally, shabads are fewer in other Ghars, as we go on, in ascending order of pitch.

The scale of 17 musical notes is still being used by singer of classical music. However, the harmonium in general use has only, 12 notes, The selection of ghar is usually made by the composers according as it suits their throat. Some times ghar is not prescribed with the shabad, and it is left to the singer to choose on that suit him.

Another view is that the ghar number, 1, 2, 3, 4, etc., repreaent the number of peats (matraas) in a 'Tala' cycle (Avartaa). If this were so, ghar - I is out of question, because there can be no tala of only one beat repeat over and over without forming cycles or Avartaas. A rhythm to be called a Tala, must have atleast 2 beats. The first beat is a accented, hence called 'Bhaaree', waile the second beat is played with normal farne. In the west also there is no one-beat musical rhythm they start with Duple time.

Secondly. there is no text which names Talas on the basis of number of beats in a cycle Talas bear names as for total beats in a cycle given pelow :

| | | |
|---|---|---|
| Roopak Tala | : 3+2+2 | =7 |
| Jhap Tala | : 2+3+2+3 | =10 |
| Jhumar Tala | : 3+4+3+4 | =14 |

There are, however, two Talas which are pronounced as numerieal syllables, but these have nothing to do with the number of beats in cycle, for examples :

| | | |
|---|---|---|
| Ek Tala | : 4+4+2+2 | =12 |
| Teen Tala | : 4+4+4+4 | =16 |

we may mention that there are in some cases two different Tala names having the same number of beats in each Bar (Khandwaa) and the totals for their cycles also tally. For, instance, 'Talwaara' Tala has also same 4+4+4+4 =16 beats in a cycle but it varies from 'Teen Tala' in the placement of Khaali or unstruck beat, in the cycle. A rhytmn that is Tala, having the same number of beats in its bars (khandaw) to make a cycle is known a as a Simple Tala. On the other hand a Tala comprising varying number of beats in the khandaw of a cycle is designated as Complex Tala. Perhaps the most Complex Tala is Dharuva Tala totalling as many as 29 beats in each cycle 7+3+1+9+6+3 =29.

Besides, there are some Talas, East or West, in which an occasional half-beat is employed.

Hence we arrive at the conclusion that the word 'Ghar' applies to the starting note of a shabad. And these are numbered from No. 1 to No. 17. and no more.

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਪੜ੍ਹ ਕੇ ਮਨ ਇਤਨਾ ਅਨੰਦਤ ਤੇ ਸੰਤੁਸ਼ਟ ਹੁੰਦਾ ਹੈ ਕਿ ਹਰ ਮਹੀਨੇ ਦੇ ਅਰੰਭ ਵਿਚ ਇਸਦੀ ਉਡੀਕ ਸ਼ੁਰੂ ਹੋ ਜਾਂਦੀ ਹੈ। 'ਅੰਮ੍ਰਿਤ ਕੀਰਤਨ' ਵਿਚ ਕੀਰਤਨੀਆਂ ਬਾਰੇ ਅਤੇ ਸੰਗੀਤ ਬਾਰੇ ਲੇਖ ਪੜ੍ਹਕੇ ਬਹੁਤ ਜਾਣਕਾਰੀ ਮਿਲਦੀ ਹੈ। ਜੋ ਵੀ ਪ੍ਰਸ਼ਨ ਮਨ ਵਿਚ ਆਉਂਦਾ ਹੈ ਉਸ ਦਾ ਉਦਾਹਰਨਾਂ ਸਹਿਤ ਉਤਰ ਅੰਮ੍ਰਿਤ ਕੀਰਤਨ ਵਿਚੋਂ ਮਿਲ ਜਾਂਦਾ ਹੈ। ਨਵੰਬਰ ਪਿਆਰਾ ਸਿੰਘ ਪਦਮ ਜੀ ਦਾ ਹਿੰਦੁਸਤਾਨੀ ਸੰਗੀਤ ਕਲਾ ਲੇਖ ਬਹੁਤ ਸ਼ਲਾਘਾ-ਯੋਗ ਸੀ।

ਸ੍ਰ. ਜਸਵਿੰਦਰ ਸਿੰਘ ਫੈਜ਼ਾਬਾਦ

'ਅੰਮ੍ਰਿਤ ਕੀਰਤਨ' ਇਕ ਮਹਤਵਪੂਰਨ ਕਾਰਜ ਕਰ ਰਿਹਾ ਹੈ।

ਬੀ.ਐਸ. ਢਿੱਲੋਂ
ਅਮਰੀਕਾ

'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ,

ਮਹਿੰਦਰ ਸਿੰਘ ਢਿਲੋਂ ਚੰਡੀਗੜ੍ਹ

ਨਵੰਬਰ ਅਤੇ ਦਸੰਬਰ ਅੰਕ ਵਿਚ ਪ੍ਰੋ. ਰਣਜੀਤ ਸਿੰਘ, ਸ੍ਰ. ਹਰਚਰਨ ਸਿੰਘ, ਬਬਲੀ ਐਸ. ਸਿੰਘ, ਪਿਆਰਾ ਸਿੰਘ ਪਦਮ ਸ੍ਰ. ਹਰਜਾਪ ਸਿੰਘ ਦੇ ਲੇਖ ਵਧੀਆ ਸਨ। ਸ੍ਰ. ਦਵਿੰਦਰ ਸਿੰਘ ਵਿਦਿਆਰਥੀ, ਡਾਕਟਰ ਮਾਨ ਸਿੰਘ ਨਿਰੰਕਾਰੀ ਦੇ ਲੇਖ ਵਰਨਣ-ਯੋਗ ਹਨ।

ਮੰਗਤ ਸਿੰਘ ਮਸਤਾਨਾ
ਮਲੋਟ

# ਧਰਮ ਦਾ ਰਾਖਾ ਗੁਰੂ ਗੋਬਿੰਦ ਸਿੰਘ

ਲੇਖਕ : ਜੋਗਿੰਦਰ ਸਿੰਘ ਸੇਠੀ, ਮੁੱਲ : 50 ਰੁ, ਪੰਨੇ 42
ਪ੍ਰਕਾਸ਼ਕ : ਗੁਰੂ ਬਹਾਦਰ ਨਾਮ ਸਿਮਰਨ ਫਾਊਂਡੇਸ਼ਨ,
303-ਐਵਰੇ ਟਾਵਰ; 1 ਜੁਹੂ ਰੋਡ, ਬੰਬਈ 400049

ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਊਂਡੇਸ਼ਨ, ਬੰਬਈ ਪਿਛਲੇ ਕਈ ਸਾਲਾਂ ਤੋਂ ਸਿਖ ਧਰਮ ਦੇ ਪ੍ਰਚਾਰ ਲਈ ਯਤਨਸ਼ੀਲ ਹੈ। ਇਸ ਮੰਤਵ ਲਈ ਇਹ ਸੰਸਥਾ ਵੱਖ ਵੱਖ ਸਥਾਨਾਂ ਤੇ ਲੈਕਚਰਾਂ, ਗੁਰਬਾਣੀ ਵਿਆਖਿਆ, ਇਤਿਹਾਸਕ ਘਟਨਾਵਾਂ ਅਤੇ ਸਿੱਖ ਧਰਮ ਨਾਲ ਸਬੰਧਤ ਸਾਖੀਆਂ ਆਦਿ ਸੁਣਾਉਣ ਦੇ ਪ੍ਰੋਗਰਾਮ ਉਲੀਕਣ ਤੋਂ ਇਲਾਵਾ, ਸਿੱਖ ਵਿਚਾਰਧਾਰਾ ਦੇ ਪ੍ਰਸਾਰ ਲਈ ਪੁਸਤਕਾਂ ਪ੍ਰਕਾਸ਼ਿਤ ਕਰਵਾ ਕੇ ਵੀ ਧਰਮ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾ ਰਹੀ ਹੈ। ਸ. ਜੋਗਿੰਦਰ ਸਿੰਘ ਸੇਠੀ ਇਸ ਸੰਸਥਾ ਨਾਲ ਜੁੜੇ ਜੇੜ ਹਨ। ਵੱਖ ਵੱਖ ਸਮਾਰੋਹਾਂ ਸਮੇਂ ਉਹ ਜੋ ਪ੍ਰਵਚਨ ਕਰਦੇ ਹਨ, ਸਥਾਨਕ ਸੰਗਤ ਲਈ ਬੜੇ ਪਥ-ਪ੍ਰਦਰਸ਼ਕ ਸਾਬਤ ਹੁੰਦੇ ਹਨ। ਫਾਊਂਡੇਸ਼ਨ ਉਨ੍ਹਾਂ ਦੇ ਪ੍ਰਵਚਨਾਂ ਨੂੰ ਵਧੇਰੇ ਵਿਸ਼ਾਲ ਜਨ ਸਮੂਹ ਤੀਕ ਪਹੁੰਚਾਉਣ ਲਈ ਇਨ੍ਹਾਂ ਪ੍ਰਵਚਨਾਂ ਦੇ ਸੰਕਲਣ ਪੁਸਤਕ ਰੂਪ ਵਿਚ ਛਾਪਣ ਦਾ ਬੜਾ ਪ੍ਰਸੰਸਾ-ਯੋਗ ਉਦਮ ਕਰ ਰਹੀ ਹੈ ਜਿਸ ਰਾਹੀਂ ਨਾ ਕੇਵਲ ਵਡ-ਮੁੱਲੇ ਵਿਚਾਰ ਦੂਰ ਤੀਕ ਫੈਲਾਉਣ ਵਿਚ ਸਫ਼ਲਤਾ ਮਿਲਦੀ ਹੈ ਸਗੋਂ ਇਨ੍ਹਾਂ ਦੀ ਸੰਭਾਲ ਵੀ ਸੰਭਵ ਹੋ ਗਈ ਹੈ।

ਧਰਮ ਦਾ ਰਾਖਾ ਗੁਰੂ ਗੋਬਿੰਦ ਸਿੰਘ' ਉਪ੍ਰੋਕਤ ਲੜੀ ਵਿਚ ਹੀ ਸੰਤ ਜੋਗਿੰਦਰ ਸਿੰਘ ਸੇਠੀ ਜੀ ਨੇ, ਗੁਰੂ ਗੋਬਿੰਦ ਸਿੰਘ ਦੀ ਬਾਣੀ ਨੂੰ ਆਧਾਰ ਬਣਾ ਕੇ ਗੁਰੂ ਸਾਹਿਬ ਦੇ ਜੀਵਨ ਅਤੇ ਵਿਚਾਰਾਂ ਬਾਰੇ ਜੋ ਲੈਕਚਰ ਗੁਰਦੁਆਰਾ ਧੰਨ-ਪੋਠੋਹਾਰ, ਬੰਬਈ ਦੀ ਸੰਗਤ ਸਾਹਮਣੇ ਕੀਤੇ, ਦਾ ਸੰਕਲਣ ਹੈ। ਪ੍ਰਕਾਸ਼ਕਾਂ ਨੇ ਇਸ ਸੰਕਲਣ ਨੂੰ ਵਧੇਰੇ ਅਰਥ ਭਰਪੂਰ ਅਤੇ ਉਪ-ਯੋਗੀ ਬਣਾਉਣ ਲਈ, ਵਿਚਾਰਾਂ ਨੂੰ ਵੱਖ ਵੱਖ ਸਿਰਲੇਖਾਂ ਹੇਠ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਸਿੱਟੇ ਵਜੋਂ ਇਹ ਪੁਸਤਕ ਵਿਚ ਸਮਾ ਸਕਣਾ ਸੰਭਵ ਨਹੀਂ ਕਿਉਂ ਜੋ ਇਸ ਮੰਤਵ ਲਈ ਬਹੁ-ਪੱਖੀ ਅਤੇ ਬਹੁ ਪਰਤੀ ਅਧਿਐਨ ਦੀ ਲੋੜ ਹੋਵੇਗੀ। ਸ਼ਰਧਾ ਜਾਂ ਨਿਸ਼ਠਾ ਤੇ ਆਧਾਰਿਤ ਕਿਸੇ ਰਚਨਾ ਨੂੰ ਬੌਧਿਕ ਤਰਕ ਜਾਂ ਇਤਿਹਾਸਕ ਪ੍ਰਸੰਗਤਾ ਦੀ ਦ੍ਰਿਸ਼ਟੀ ਤੋਂ ਖੋਜ ਗਰੰਥ ਵਜੋਂ ਪਰਖਣਾ ਵੈਸੇ ਵੀ ਉਚਿਤ ਨਹੀਂ ਹੋਵੇਗਾ। ਅਸਲ ਵਿਚ ਸ਼ਰਧਾ ਅਤੇ ਬੌਧਿਕਤਾ ਦੋ ਵਖ-ਵਖ ਖੇਤਰ ਹਨ ਅਤੇ ਸ਼ਰਧਾ ਭਰਪੂਰ ਭੇਂਟ ਦਾ ਪੂਰਾ ਸੁਆਦ ਤਾਂ ਕੋਈ ਅਲੂਣੇ ਸਾਗ ਜਾਂ ਜੂਠੇ ਬੇਰਾਂ ਦਾ ਅਨੰਦ ਮਾਨਣ ਦੀ ਸਮਰਥਾ ਰਖਣ ਵਾਲਾ ਭਗਵਾਨ ਰੂਪ ਹੀ ਲੈ ਸਕਦਾ ਹੈ।

ਹਥਲੀ ਪੁਸਤਕ ਵਿਚ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੂੰ ਪੰਜ ਏਕਿਆਂ ਦੇ ਰੂਪ ਵਿਚ ਸਤਿਕਾਰ ਕਰਦਾ ਹੈ ਅਤੇ ਇਸੇ ਹੀ ਵਿਚ ਪਾਠਕਾਂ ਲਈ ਇਨ੍ਹਾਂ ਉਪ-

ਬਰਸੀ 'ਤੇ ਵਿਸ਼ੇਸ਼ 5-1-95 ਨੂੰ

# ਕੀਰਤਨ-ਸਮਰਾਟ ਭਾਈ ਸਮੁੰਦ ਸਿੰਘ ਜੀ

ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ
162, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ

ਭਗਤੀ ਦੇ ਕਈ ਰੂਪ ਹਨ, ਜਿਵੇਂ ਸਿਮਰਨ, ਸ੍ਰਵਣ, ਕੀਰਤਨ, ਸੇਵਾ, ਅਰਦਾਸ ਆਦਿ। ਕੀਰਤਨ ਨੂੰ ਭਗਤੀ ਦਾ ਸਭ ਤੋਂ ਉਤਮ ਸਾਧਨ ਮੰਨਿਆ ਜਾਂਦਾ ਹੈ। ਕੀਰਤਨ, ਸੰਗੀਤ ਆਧਾਰਿਤ ਪ੍ਰਭੂ-ਭਗਤੀ ਹੈ। ਪ੍ਰਮਾਤਮਾ ਦੇ ਗੁਣਾਂ ਦੇ ਗਾਇਨ ਕਰਨ ਦਾ ਨਾਂ ਕੀਰਤਨ ਹੈ। ਕੀਰਤਨ ਨੂੰ ਆਤਮਾ ਦੀ ਖੁਰਾਕ ਮੰਨਿਆ ਗਿਆ ਹੈ। ਕੀਰਤਨ ਦੀ ਮਹਿਮਾ ਇਸ ਕਾਰਨ ਵੀ ਹੈ ਕਿ ਇਸ ਵਿੱਚਲੇ ਸੰਗੀਤ ਦਾ ਤੱਤ ਬੜਾ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਸਮੁਚੀ ਗੁਰਬਾਣੀ ਦਾ ਵੱਡਾ ਹਿੱਸਾ ਰਾਗਾਤਮਿਕ ਹੈ, ਕੁਝ ਥੋੜੀ ਜਿਹੀ ਬਾਣੀ ਹੀ ਰਾਗ-ਮੁਕਤ ਹੈ। ਕੇਵਲ ਕੀਰਤਨ ਕਰਨਾ ਹੀ ਪ੍ਰਭੂ ਭਗਤੀ ਨਹੀਂ, ਕੀਰਤਨ ਸੁਣਨਾ ਵੀ ਪ੍ਰਭੂ-ਭਗਤੀ ਮੰਨਿਆ ਗਿਆ ਹੈ। ਕੀਰਤਨ ਕਰਨ ਵਾਲਾ ਜਦੋਂ ਕੀਰਤਨ ਕਰਦਾ ਹੈ, ਤਾਂ ਉਸਨੂੰ ਗੁਰੂ-ਚਰਨਾਂ ਨਾਲ ਇਕ-ਮਿੱਕ ਹੋਣਾ ਚਾਹੀਦਾ ਹੈ। ਅੰਤਰ-ਆਤਮ ਪ੍ਰਭੂ ਨਾਲ ਇੱਕ-ਸੁਰ ਹੁੰਦਿਆ ਹੀ, ਉਹ ਹੰਕਾਰ-ਮੁਕਤ ਰਹਿ ਸਕਦਾ ਹੈ। ਜੇ ਉਸ ਦੀ ਬ੍ਰਿਤੀ ਖਿੰਡ ਜਾਏ ਤਾਂ ਉਹ ਗੁਰਬਾਣੀ ਦਾ ਗਾਇਨ ਸ਼ਰਧਾ, ਪਿਆਰ ਤੇ ਸਤਿਕਾਰ ਨਾਲ ਨਹੀਂ ਕਰ ਸਕਦਾ। ਫੇਰ ਉਸਦਾ ਗਾਂਵਿਆ ਬਿਰਥਾ ਜਾਂਦਾ ਹੈ। ਗੁਰ-ਕਥਨ ਹੈ "ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ। ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥" (ਪੰਨਾ ੧੫੮)

ਗੁਰੂ-ਘਰ ਦੇ ਕੀਰਤਨੀਆਂ ਨੂੰ ਸਿੱਖ-ਸਮਾਜ ਵਿੱਚ ਸ੍ਰੇਸ਼ਟ-ਸਥਾਨ ਪ੍ਰਾਪਤ ਹੈ। ਗੁਰੂ ਅਰਜਨ ਸਾਹਿਬ ਨੇ ਕੀਰਤਨੀਏ ਨੂੰ "ਭਲੋ ਭਲੋ" ਕਹਿ ਕੇ ਸਤਿਕਾਰ ਦੇਂਦਿਆ ਲਿਖਿਆ ਹੈ "ਭਲੋ ਭਲੋ ਰੇ ਕੀਰਤਨੀਆ" ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥" (ਪੰਨਾ ੮੮੫)

ਗੁਰੂ ਨਾਨਕ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਆਪ ਕੀਰਤਨ ਕਰਕੇ ਸਿੱਖ-ਸਮਾਜ ਵਿੱਚ ਕੀਰਤਨ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਜਦੋਂ ਭਾਈ ਸੱਤਾ ਤੇ ਬਲਵੰਡ ਨੇ ਗੁਰੂ-ਦਰਬਾਰ ਵਿੱਚ ਕੀਰਤਨ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਗੁਰੂ ਸਾਹਿਬ ਨੇ ਕੀਰਤਨ ਕਰਨ ਲਈ ਗੁਰਸਿੱਖਾਂ ਨੂੰ ਪ੍ਰੇਰਿਆ ਕਿ ਆਪ ਕੀਰਤਨ ਕਰਨਾ ਸ਼ੁਰੂ ਕਰੋ। ਇਸ ਤਰ੍ਹਾਂ ਸਿੱਖਾਂ ਵਿੱਚ ਕੀਰਤਨ ਕਰਨ ਦੀ ਪਰੰਪਰਾ ਚੱਲ ਪਈ। ਭਾਈ ਬਾਬਕ ਜੀ ਤਲਵਾਰ ਤੇ ਰਬਾਬ ਦੇ ਸੁਮੇਲ ਕਰਕੇ ਅਨੋਖੀ ਸ਼ਖਸੀਅਤ ਦੇ ਮਾਲਕ ਬਣ ਗਏ ਸਨ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਅਨਿੰਨ ਸਿੱਖ ਸਨ। ਭਾਈ

ਸਾਹਿਬ ਨੇ ਸੁਰ, ਸ਼ਬਦ ਤੇ ਸ਼ਕਤੀ ਦੀ ਤ੍ਰਿਮੂਰਤੀ ਸਥਾਪਨ ਕਰਕੇ ਇਤਿਹਾਸ ਵਿੱਚ ਨਾਮਨਾ ਕਮਾਇਆ । ਸਿੱਖ ਕੌਮ ਦੇ ਪ੍ਰਸਿੱਧ ਸੂਰਬੀਰ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਆਪ ਕੀਰਤਨ ਕਰਿਆ ਕਰਦੇ ਸਨ ।ਇਹ ਦਾਤ ਆਪ ਨੂੰ ਆਪਣੀ ਮਾਤਾ ਜੀ ਤੋਂ ਪ੍ਰਾਪਤ ਹੋਈ ਸੀ । ਫੇਰ ਆਪ ਮਾਤਾ ਸੁੰਦਰੀ ਜੀ ਕੋਲ ਦਿੱਲੀ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ ।

ਇਸੇ ਤਰ੍ਹਾਂ ਸੰਗੀਤ ਦੇ ਉੱਚ ਕੋਟੀ ਦੇ ਵਿਦਵਾਨ ਮਹੰਤ ਗੱਜਾ ਸਿੰਘ ਜੀ ਤਾਊਸ ਨਾਲ ਕੀਰਤਨ ਕਰਦੇ ਰਹੇ । ਮਹੰਤ ਸਾਹਿਬ ਦੇ ਚੋਣਵੇਂ ਸ਼ਾਗਿਰਦਾਂ ਵਿਚੋਂ ਮਹਾਰਾਜਾ ਪਟਿਆਲਾ, ਭਾਈ ਹਰਨਾਮ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਨਾਂ ਵਰਣਨ ਯੋਗ ਹਨ ।

ਬਾਬਾ ਸ਼ਾਮ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਵਿਚ ਸਰੰਦੇ ਨਾਲ ਕੀਰਤਨ ਕਰਿਆ ਕਰਦੇ ਸਨ । ਆਪ ਸੇਵਾ ਰਜਕੇ ਕਰਦੇ ਸਨ । ਇਸਨਾਨ-ਸੇਵਾ, ਲੰਗਰ-ਸੇਵਾ, ਭਾਂਡੇ ਮਾਂਜਣ ਦੀ ਸੇਵਾ, ਆਪ ਦੀਆਂ ਮਨ ਭਾਉਂਦੀਆਂ ਸੇਵਾਵਾਂ ਸਨ ਸੇਵਾ ਤੇ ਕੀਰਤਨ ਜਿਥੇ ਇਕੱਠੇ ਹੋਣ ਉਥੇ ਸੱਚਖੰਡੀ-ਦ੍ਰਿਸ਼ ਪੇਸ਼ ਕਰ ਕਰਦੇ ਹਨ ।

ਭਾਈ ਚਾਂਦ ਜੀ ਦਾ ਨਾਮ ਕੀਰਤਨੀਆਂ ਵਿਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ । ਆਪ ਦੀ ਗਾਇਕੀ ਦੇ ਚੋਣਵੇਂ ਗੁਣ; ਰਾਗ ਦੀ ਪਕੇਰੀ ਪਕੜ, ਬੰਦਸ਼ਾਂ ਦੀ ਸੂਝ, ਗਾਇਨ-ਸ਼ੈਲੀ ਤੇ ਗੁਰਬਾਣੀ ਵਿਚੋਂ ਅਖੁਦ ਸ਼ਬਦ-ਭੰਡਾਰ ਦੁਆਰਾ ਢੁਕਵੇਂ ਪ੍ਰਮਾਣਾਂ ਦੀ ਵਿਸ਼ਾਲਤਾ ਆਦਿ ਸ਼ਾਮਲ ਹਨ ।

ਭਾਈ ਸੁਰਜਨ ਸਿੰਘ ਰਾਗੀ ਨੇ ਜੀਵਨ-ਭਰ ਕੀਰਤਨ ਦੁਆਰਾ ਸੇਵਾ ਕੀਤੀ । ਆਪ ਜੀ ਭਾਵੇਂ ਨੇਤਰਾਂ ਦੀ ਜੋਤੀ ਤੋਂ ਵਾਂਝੇ ਸਨ, ਪਰ ਆਪ ਦੇ ਹਿਰਦੇ ਅੰਦਰ ਸ਼ਬਦ ਤੇ ਸੰਗੀਤ ਦੀ ਜੋਤ ਲਟਾ ਲਟ ਬਲਦੀ ਸੀ । ਆਪ ਸ਼ਬਦ-ਗਾਇਨ ਕਰਦਿਆਂ ਸ਼ਬਦ ਨਾਲ ਅਭੇਦ ਹੋ ਜਾਇਆ ਕਰਦੇ ਸਨ । ਆਪ ਜੀ ਦੀ ਆਵਾਜ਼ ਵਿੱਚ ਬਿਹਬਲਤਾ ਤੇ ਜੋਸ਼ ਸੀ । ਆਪ ਜੀ ਦੀ ਖਿੱਚ-ਭਰਪੂਰ ਆਵਾਜ਼ ਸੁਣ ਕੇ ''ਪਦਮ ਸ੍ਰੀ'' ਸੋਹਣ ਸਿੰਘ ਵਰਗਾ ਗਾਇਕ ਵੀ ਬਚਪਨ ਤੋਂ ਕੀਰਤਨ ਵੱਲ ਪ੍ਰੇਰਤ ਹੋ ਗਿਆ ਸੀ ।

ਕੀਰਤਨ ਸਿੱਖਾਂ ਦੀ ਰੂਹਾਨੀ-ਖੁਰਾਕ ਹੈ, । ਜੋ ਇਸ ਦਾ ਸੁਆਦ ਮਾਣਦਾ ਹੈ ਉਹ ਤ੍ਰਿਪਤ ਹੋ ਜਾਂਦਾ ਹੈ, ਤਨ ਕਰਕੇ ਵੀ ਤੇ ਮਨ ਕਰਕੇ ਵੀ, ਪੁਰਾਤਨ-ਕੀਰਤਨੀ ਜਿੱਥੇ ਕੀਰਤਨੀਏ ਜਿੱਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਸਨ, ਉਥੇ ਕੀਰਤਨ ਕਰਦੇ ਆਪ ਵੀ ਅੰਮ੍ਰਿਤ ਭੁਚੰਦੇ ਸਨ । ਭਾਈ ਸੁਮੰਦ ਸਿੰਘ ਜੀ ਨਨਕਾਣਾ ਸਾਹਿਬ ਵਾਲੇ, ਭਾਈ ਸੰਤਾ ਸਿੰਘ ਜੀ, ਭਾਈ ਗੋਪਾਲ ਸਿੰਘ ਜੀ ਆਦਿ ਕੁਝ ਅੱਸੇ ਚੋਣਵੇਂ ਗੁਰ-ਸਿੱਖ ਕੀਰਤਨੀ ਹੋਏ ਹਨ, ਜਿਨ੍ਹਾਂ ਨੇ ਕੀਰਤਨ ਕੀਤਾ ਹੀ ਨਹੀਂ, ਕੀਰਤਨੀ-ਜੀਵਨ ਜੀਵਿਆ । ਨਿਰਮੋਲਕ ਕੀਰਤਨ ਦਾ ਪ੍ਰਸ਼ਾਦ ਸਿੱਖ ਸੰਗਤ ਵਿਚ ਵੰਡਣ, ਕੀਰਤਨ ਦੁਆਰਾ ਨਾਮ ਜਪਾਉਣ ਤੇ

ਕੀਰਤਨੀ-ਜੀਵਨ ਬਿਤਾਉਣ ਦੀਆਂ ਸੇਵਾਵਾਂ ਦਾ ਅਖੁੱਟ ਲੰਗਰ ਲਗਾਇਆ, ਇਨ੍ਹਾਂ ਕੀਰਤਨੀਆਂ ਨੇ ਭਾਈ ਸਮੁੰਦ ਸਿੰਘ ਜੀ ਇਨ੍ਹਾਂ ਸੇਵਾਵਾਂ ਨੂੰ ਕਰਨ ਤੇ ਕਰਾਉਣ ਲਈ ਮਨੁਖੀ ਜਾਮੇ ਵਿਚ ਇਸ ਸੰਸਾਰ ਤੇ ਆਏ। ਆਪ ਨੂੰ ਰਾਗ ਸੁਰ, ਤਾਲ ਦੀ ਵਿਸ਼ਸ਼ ਸੋਝੀ ਸੀ। ਉਹ ਆਪਣੀ ਨਿਵੇਕਲੀ ਕੀਰਤਨ-ਸ਼ੈਲੀ ਸਦਕਾ ਹੀ ਸਮਕਾਲੀ ਕੀਰਤਨੀਆਂ ਵਿਚ ਵਿਸ਼ੇਸ਼ ਤੇ ਵਿਲਖਣ ਸਥਾਨ ਰਖਦੇ ਸਨ। ਭਾਰਤ ਦੇ ਸੰਗੀਤ ਸਮਰਾਟ ਉਸਤਾਦ ਬੜੇ ਗ਼ੁਲਾਮ ਅਲੀ ਖਾਂ ਭਾਈ ਸਮੁੰਦ ਸਿੰਘ ਜੀ ਨੂੰ ਬੜਾ ਪਿਆਰ ਕਰਿਆ ਕਰਦੇ ਸਨ। ਆਪ ਨੇ ਲਾਹੌਰ ਰੇਡੀਓ ਸਟੇਸ਼ਨ ਤੋਂ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦ ਸੁਣਕੇ ਕਿਹਾ ਸੀ, ਭਾਈ ਸੁਮੰਦ ਸਿੰਘ ਸਿਖੋਂ ਮੇ ਨਹਾਇਤ ਹੀ ਸ਼ੁਧ ਸੁਰ ਔਰ ਫਨ ਵਾਲਾ ਫਨਕਾਰ ਹੈ"। ਸੰਗੀਤ ਦੇ ਮਾਹਿਰ ਦਲੀਪ ਚੰਦ ਬੇਦੀ ਨੇ ਭਾਈ ਸਾਹਿਬ ਨੂੰ 'ਸੁਰ ਕਾ ਬਾਦਸ਼ਾਹ ਤੇ ਬਹਿਰੇ-ਮੌਸੀਕੀ' ਕਹਿ ਕੇ ਵਡਿਆਇਆ ਹੈ।

ਭਾਈ ਸਮੁੰਦ ਸਿੰਘ ਜੀ ਉੱਜਲ-ਆਚਾਰ, ਨਿਰਮਲ ਬੁੱਧੀ ਤੇ ਕੀਰਤਨੀ-ਜੁਗਤੀ ਵਾਲੇ ਮਹਾਨ ਕੀਰਤਨੀ ਹੋਏ, ਜਿਨ੍ਹਾਂ ਨੂੰ ਮੈਂ ਅੱਖੀ ਡਿੱਠਾ ਤੇ ਕੰਨੀ ਸੁਣਿਆ ਹੈ।

ਭਾਈ ਸੁਮੰਦ ਸਿੰਘ ਜੀ ਨੂੰ ਕੀਰਤਨ ਦੀ ਦਾਤ ਵਿਰਸੇ ਵਿਚ ਪ੍ਰਾਪਤ ਹੋਈ ਸੀ। ਆਪ ਜੀ ਦਾ ਪ੍ਰਵਾਰ ਪਿਛਲੀਆਂ ਚਾਰ ਪੁਸ਼ਤਾਂ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਸੀ। ਆਪ ਜੀ ਦੇ ਸਤਿਕਾਰਯੋਗ ਪਿਤਾ ਹਜ਼ਾਰਾ ਸਿੰਘ ਤਾਊਸ ਨਾਲ ਕੀਰਤਨ ਕਰਿਆ ਕਰਦੇ ਕਰਦੇ ਸਨ। ਆਪ ਜੀ ਦੇ ਚਾਚਾ ਭਾਈ ਗੁਰਦਿਤ ਸਿੰਘ ਤਬਲੇ ਤੇ ਉਨ੍ਹਾਂ ਦੀ ਸੰਗਤ ਕਰਿਆ ਕਰਦੇ ਸਨ। ਹੀਰਾ ਸਿੰਘ ਜੀ ਫਿਰੂਕੇ ਵਾਲਿਆ ਨੇ ਆਪ ਨੂੰ ਕੀਰਤਨ ਵਿਚ ਨਿਪੁੰਨ ਕਰਨ ਲਈ ਉਨ੍ਹਾਂ ਨੂੰ ਸੁਚੱਜੀ ਅਗਵਾਈ ਦਿਤੀ। ਗੁਜਰਾਂ ਵਾਲੇ ਦੇ ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ ਰਬਾਬੀਆਂ ਪਾਸੋਂ ਵੀ ਆਪ ਨੇ ਉਤਸ਼ਾਹ-ਭਰਪੂਰ ਸਿਖਿਆ ਗ੍ਰਹਿਣ ਕੀਤੀ।

ਭਾਈ ਸਮੁੰਦ ਸਿੰਘ ਜੀ ਦਾ ਜਨਮ ਪਿੰਡ ਮੁਝਾਂ ਹਮਜ਼ਾ ਜ਼ਿਲਾ ਮਿੰਟਗਮਰੀ ਵਿੱਚ 1900 ਨੂੰ ਹੋਇਆ। ਸੱਤ ਸਾਲਾਂ ਦੀ ਆਯੂ ਵਿਚ ਆਪ ਕੀਰਤਨ ਨਾਲ ਜੁੜ ਗਏ। ਆਪ ਜੀ ਨੂੰ ਬਚਪਨ ਵਿਚ 'ਕਾਕਾ ਸਮੁੰਦ ਸਿੰਘ' ਕਿਹਾ ਜਾਂਦਾ ਸੀ ਭਾਈ ਜੀ ਦੇ ਵੱਡੇ ਭੈਣ ਜੀ, ਬੀਬੀ ਤੇਜ ਕੌਰ ਗੁਰੂ ਨਾਨਕ ਕੰਨਿਆਂ ਪਾਠਸ਼ਾਲਾ ਗੁਜਰਾਂਵਾਲਾ ਦੇ ਮੁੱਖ-ਅਧਿਆਪਕਾ ਸਨ। ਕਾਕਾ ਸਮੁੰਦ ਸਿੰਘ ਜੀ ਆਪਣੇ ਪਿਤਾ ਜੀ ਤੇ ਚਾਚਾ ਜੀ ਨਾਲ ਜਦੋਂ ਵੀ ਗੁਜਰਾਂਵਾਲੇ ਆਉਂਦੇ ਤਾਂ ਸਿੱਖ-ਸੰਗਤਾਂ "ਕਾਕਾ ਸਮੁੰਦ ਸਿੰਘ" ਪਾਸੋਂ ਸ਼ਬਦ ਸੁਣਨ ਲਈ ਗੁਰਦੁਆਰਾ ਸਿੰਘ ਸਭਾ ਵਿਚ ਹਜ਼ਾਰਾਂ ਦੀ ਸੰਖਿਆਂ ਵਿਚ ਇਕੱਤ੍ਰ ਹੁੰਦੀਆਂ। ਕਾਕਾ ਸਮੁੰਦ ਸਿੰਘ ਜਦੋਂ ਸਟੇਜ ਉਤੇ ਖੜੇ ਹੋਕੇ ਸ਼ਬਦ ਗਾਇਨ ਕਰਦੇ ਤਾਂ, ਸੱਚ ਜਾਣਿਆ ਜੇ, ਉਨ੍ਹਾਂ ਉਤੇ ਸ਼ਾਇਆ ਦਾ ਮੀਂਹ ਵੱਸ ਪੈਂਦਾਂ ਸੀ ਜੋ ਸੰਗਤਾਂ ਸ਼ਬਦ-ਭੇਟ ਵਜੋਂ ਉਨ੍ਹਾਂ ਨੂੰ ਦੇਂਦੀਆਂ ਸਨ। ਸਰੋਤੇ ਘੰਟਿਆਂ ਬੱਧੀ ਮੰਤਰ-ਮੁਗੱਧ ਹੋ ਕੇ ਉਨ੍ਹਾਂ ਪਾਸੋਂ ਗੁਰਬਾਣੀ ਦੇ ਸ਼ਬਦ ਸੁਣਕੇ ਪ੍ਰਸੰਨ ਹੁੰਦੇ ਰਹਿੰਦੇ ਸਨ।

ਆਪ ਜੀ ਨੇ 28 ਸਾਲਾਂ ਦਾ ਲੰਮਾ ਸਮਾਂ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਵਿੱਚ ਕੀਰਤਨ ਦੀ ਸੇਵਾ ਕੀਤੀ। ਆਪ ਭਾਵੇਂ ਗੁਰੂ ਗਰੰਥ ਵਿਚ ਆਏ ਸਾਰੇ ਹੀ ਰਾਗਾਂ ਵਿਚ ਕੀਰਤਨ ਕਰ ਸਕਦੇ ਸਨ ਪਰ ਸੋਰਠਿ, ਕਾਨੜਾ ਤੇ ਜੈਜਾ-ਵੰਤੀ ਆਪ ਜੀ ਦੇ ਦਿਲ-ਭਾਉਂਦੇ ਰਾਗ ਸਨ। ਆਪ ਬਹਾਰ, ਪਹਾੜੀ ਤੇ ਮੁਲਤਾਨੀ ਵੀ ਗਾਉਂਦੇ। ਆਪ ਪਾਸ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁਟ-ਭੰਡਾਰ ਸੀ। ਆਪ ਕੀਰਤਨ ਨੂੰ ਠੁਮਰੀ-ਰੰਗ ਵਿਚ ਗਾਇਨ ਕਰਨ ਦੇ ਵੀ ਉਸਤਾਦ-ਸੰਗੀਤਕਾਰ ਸਨ।

ਮੈਂ ਆਪ ਜੀ ਦੇ ਅੰਤਲੇ-ਦਰਸ਼ਨ 1970 ਵਿਚ ਗੁਰੂ ਨਾਨਕ ਹਾਈ ਸਕੂਲ (ਨਨਕਾਣਾ ਸਾਹਿਬ) ਬਟਾਲਾ ਦੇ ਇਕ ਸਮਾਗਮ ਵਿਚ ਕੀਤੇ ਸਨ। ਮਹੀਨਾ ਫੱਗਣ ਦਾ ਸੀ ਤੇ ਭਾਈ ਸਾਹਿਬ ਨੇ ਸ਼ਬਦ ਗਾਇਆ ਸੀ "ਰੁਤ ਆਈਲੇ ਸਰਸ ਬਸੰਤ ਮਾਹਿ" (ਰਾਗ ਬਸੰਤ ਮਹਲਾ 2)। ਸੰਗਤਾਂ ਨੇਤ੍ਰ-ਮੁੰਦੇ ਸ਼ਬਦ ਦਾ ਰੱਸ ਮਾਣ ਰਹੀਆਂ ਸਨ ਤੇ ਭਾਈ ਸਾਹਿਬ ਵਿਸਮਾਦ-ਵਿਸਮਾਦ ਹੋਏ ਪਏ ਸਨ। ਸ਼ਬਦ ਦੀ ਸਮਾਪਤੀ ਤੇ ਭਾਈ ਸਾਹਿਬ ਨੇ ਪਲ-ਭਰ ਨੇਤ੍ਰ ਖੋਹਲੇ ਤੇ ਫੇਰ ਆਪਣੇ ਸ਼ਬਦ ਦਾ ਅਲਾਪ ਕੀਤਾ, "ਮਾਹਾ-ਰਤੀ ਮਹਿ ਸਦ ਬਸੰਤੁ" (ਬਸੰਤ ਮਹਲਾ 3)। ਅੱਜ ਇਸ ਘਟਨਾ ਨੂੰ ਚੱਵੀ ਸਾਲਾਂ ਦਾ ਸਮਾਂ ਹੋ ਗਿਆ ਹੈ ਪਰ ਮੈਨੂੰ ਕਲ੍ਹ ਦੀ ਤਰ੍ਹਾਂ ਯਾਦ ਹੈ ਕਿ ਸੰਗਤਾਂ ਕਿਸੇ ਅਗੰਮੀ-ਸੁਆਦ ਵਿੱਚ ਸਰਸ਼ਾਰ ਹੋਈਆਂ ਪਈਆਂ ਸਨ ਤੇ ਭਾਈ ਸਾਹਿਬ ਦੇ ਹਿਰਦੇ ਦੀ ਦਸ਼ਾ ਉਨ੍ਹਾਂ ਦੇ ਮਸਤੱਕ ਅਤੇ ਨੈਨਾਂ ਤੋਂ ਰੂਪਮਾਨ ਸੀ।

ਫੇਰ ਦੋ ਸਾਲਾਂ ਤੋਂ ਵੀ ਘੱਟ ਸਮੇਂ ਪਿਛੋਂ ਪੰਜ ਜਨਵਰੀ, 1972 ਨੂੰ ਭਾਈ ਸਮੁੰਦ ਸਿੰਘ ਜੀ ਇਹ ਪੰਜ-ਭੂਤਕ ਸਰੀਰ ਤਿਆਗ ਕੇ, ਆਪਣੀ ਆਤਮਾ ਨੂੰ ਗੁਰੂ ਚਰਨਾਂ ਵਿੱਚ ਲੈ ਗਏ ਜੋ ਜਾ ਹਾਜ਼ਰੀਆਂ ਭਰੀਆਂ ਸੁਹਣੇ ਸਾਜਣ ਪਾਸ, ਅਕਾਲ ਪੁਰਖ ਦੇ ਚਰਨਾਂ ਵਿੱਚ।

ਐਸੇ ਯੁਗ ਪੁਰਸ਼ ਰੋਜ਼ ਰੋਜ਼ ਥੜੇ ਆਉਂਦੇ ਨੇ ਸੰਸਾਰ ਵਿੱਚ। ਭਾਈ ਸਾਹਿਬ ਕੀਰਤਨ ਵਿਚੋਂ ਉਪਜੇ, ਕੀਰਤਨ ਰਾਹੀਂ ਉਨ੍ਹਾਂ ਦੀ ਸ਼ਖਸੀਅਤ ਦਾ ਵਿਕਾਸ ਹੋਇਆ ਤੇ ਅੰਤ ਕੀਰਤਨ ਨਾਲ ਜੁੜ ਗਏ ਸਦਾ ਲਈ। ਆਪ ਦੀ ਯਾਦ ਨੂੰ ਤਾਜ਼ਾ ਰੱਖਣ ਲਈ "ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ" ਲੁਧਿਆਣਾ ਦੇ ਪ੍ਰਮੀਆਂ ਨੇ 1980 ਵਿੱਚ "ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ" ਕਰ ਦਿੱਤੀ ਸੀ, ਜਿਥੇ ਬੱਚਿਆਂ ਨੂੰ ਭਾਈ ਸਾਹਿਬ ਦੀ ਕੀਰਤਨ-ਸ਼ੈਲੀ ਦੇ ਆਧਾਰ ਤੇ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਅਕੈਡਮੀ ਦੇ ਵਰਤਮਾਨ ਪ੍ਰਿੰਸੀਪਲ ਸ. ਪਰਮਜੀਤ ਸਿੰਘ ਹਨ ਤੇ ਡਾਇਰੈਕਟਰ ਪ੍ਰੋਫੈਸਰ ਕਰਤਾਰ ਸਿੰਘ ਜੀ, 30 ਜੁਲਾਈ 1989 ਨੂੰ ਪ੍ਰਿੰਸੀਪਲ ਪਰਮਜੀਤ ਸਿੰਘ ਜੀ ਤੇ 1991 ਵਿਚ ਪ੍ਰੋਫੈਸਰ ਕਰਤਾਰ ਸਿੰਘ ਜੀ ਨੂੰ "ਭਾਈ ਸਮੁੰਦ ਸਿੰਘ ਐਵਾਰਡ" ਨਾਲ ਸਨਮਾਨਤ ਕੀਤਾ ਗਿਆ ਸੀ।

ਸਤਿਗੁਰੂ ਕਿਰਪਾ ਕਰਨ ਗੁਰੂ ਕੇ ਕੀਰਤਨੀਆਂ ਨੂੰ ਭਾਈ ਸਮੁੰਦ ਸਿੰਘ ਜੀ ਦੇ ਪੂਰਣਿਆਂ ਉਤੇ ਚੱਲਣ ਦੀ ਬਲ, ਬੁੱਧੀ ਤੇ ਸਮਰਥਾ ਬਖਸ਼ਿਸ਼ ਕਰਨ।

ਗੁਰਪੁਰ-ਵਾਸੀ ਭਾਈ ਸਮੁੰਦ ਸਿੰਘ ਜੀ ਨੂੰ ਅਸਲੀ ਸ਼ਰਧਾਂਜਲੀ ਇਹੋ ਹੋਵੇਗੀ ਜੇ ਅਸੀਂ ਕੀਰਤਨ ਨੂੰ "ਕੀਰਤਨ" ਦਾ ਦਰਜਾ ਹੀ ਦੇਈ ਰਖੀਏ। ਇਸਨੂੰ ਫਿਲਮੀ ਤਰਜ਼ਾਂ, ਵਾਧੂ ਬਿਆਨ ਤੇ ਹੌਲੀਆਂ ਤੁੱਕ-ਬੰਦੀਆਂ ਤੋਂ ਬਚਾ ਕੇ ਨਿਰੋਲ ਗੁਰਬਾਣੀ-ਗਾਇਣ ਦੀ ਪਰੰਪਰਾ ਨੂੰ ਕਾਇਮ ਰੱਖ ਸਕੀਏ।

# ਪ੍ਰੋ. ਤਾਰਾ ਸਿੰਘ ਵਲੋਂ ਸੰਗੀਤ ਖੇਤਰ ਵਿਚ ਪਾਏ ਯੋਗਦਾਨ ਬਾਰੇ ਗੋਸ਼ਟੀ

'ਸੰਵਾਦ' ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰਮਤਿ ਸੰਗੀਤ ਸੁਸਾਇਟੀ ਵਲੋਂ ਸਾਂਝ ਉਦਮ ਨਾਲ ਸੰਗੀਤਾਚਾਰੀਆ 'ਪ੍ਰ ਤਾਰਾ ਸਿੰਘ ਜੀਵਨ ਤੇ ਯੋਗਦਾਨ' ਵਿਸ਼ ਉਪਰ ਇਕ ਸੰਗੀਤ ਵਿਚਾਰ ਗੋਸ਼ਟੀ 'ਅਕੈਡਮੀ ਆਫ ਸਿੱਖ ਰਲੀਜ਼ਨ ਐਂਡ ਕਲਚਰ' ਮਾਡਲ ਟਾਊਨ ਪਟਿਆਲਾ ਵਿਚ ਕਰਵਾਈ ਗਈ।

ਸੰਗੀਤ ਵਿਚਾਰ ਗੋਸ਼ਟੀ ਦਾ ਆਰੰਭ ਸੰਗੀਤਾਚਾਰੀਆ ਦੇ ਚਿੱਤਰ ਉਤੇ ਉਨ੍ਹਾਂ ਦੇ ਪ੍ਰੇਮੀਆਂ ਤੇ ਸ਼ਿਸ਼ਾ ਦੁਆਰਾ ਫੁਲਮਾਲਾਵਾਂ ਅਤੇ ਫੁੱਲਾਂ ਦੀ ਭੇਂਟ ਨਾਲ ਹਇਆ। ਇਸ ਸੰਗੀਤ ਵਿਚਾਰ ਗੋਸ਼ਟੀ ਦਾ ਉਦਘਾਟਨ ਕਰਦਿਆਂ ਡਾ. ਜੋਧ ਸਿੰਘ (ਮੁਖੀ ਧਰਮ ਅਧਿਅਨ ਵਿਭਾਗ ਪੰਜਾਬੀ ਯੂਨੀਵਰਸਿਟੀ) ਨੇ ਪ੍ਰੋ. ਤਾਰਾ ਸਿੰਘ ਦ ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰਸਤੁਤ ਯਤਨਾਂ ਤੇ ਸਥਾਪਤ ਸੰਗੀਤਕ ਆਧਾਰ-ਮੁੱਲਾਂ ਦੀ ਵਿਆਖਿਆ ਸਮਕਾਲੀ ਸੰਗੀਤ ਦੇ ਪ੍ਰਸੰਗ ਵਿਚ ਕੀਤੀ ਅਤੇ ਗੁਰਮਤਿ ਸੰਗੀਤ ਦੁਆਰਾ ਗੁਰੂ ਗਰੰਥ ਸਾਹਿਬ ਦੀ ਚੇਤਨਾ ਨੂੰ ਸੀਮਤ ਹੱਦਾਂ ਤੋਂ ਪਾਰ ਬ੍ਰਹਿਮੰਡੀ ਚੇਤਨਾ ਨਾਲ ਜੋੜਨ ਦੀ ਅਹਿਮ ਜ਼ਰੂਰਤ ਦਰਸਾਈ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਕੁਲਰਾਜ ਸਿੰਘ, ਪ੍ਰਿੰ ਸ਼ਮਸ਼ੇਰ ਸਿੰਘ ਕਰੀਰ, ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ, ਪ੍ਰੋ. ਹਿੰਮਤ ਸਿੰਘ ਅਤੇ ਕੁਮਾਰੀ ਨਿਵੇਦਿਤਾ ਉਪਲ ਨੇ ਪ੍ਰੋ. ਤਾਰਾ ਸਿੰਘ ਦੇ ਗੁਰਮਤਿ ਸੰਗੀਤ ਅਤੇ ਸੰਗੀਤ ਵਿਚ ਪਾਏ ਯੋਗਦਾਨ ਨੂੰ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਭਾਵਪੂਰਤ ਸ਼ਬਦਾਂ ਵਿਚ ਬਿਆਨਿਆ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਨਾਮ ਸਿੰਘ ਨੇ ਪ੍ਰੋ. ਤਾਰਾ ਸਿੰਘ ਦੇ ਸੰਗੀਤ ਕਾਰਜਾਂ ਨੂੰ ਹਿੰਦੁਸਤਾਨੀ ਵਿਚ ਗੁਣਾਤਮਕ ਤੇ ਗਿਣਾਤਮਕ ਤੌਰ ਉਤੇ ਪ੍ਰਾਥਮਿਕ ਤੇ ਪ੍ਰਮਾਣਿਕ ਸਿੱਧ ਕਰਦਿਆਂ ਸਮੂਹ ਪੰਜਾਬੀਆਂ ਦਾ ਵਿਸ਼ੇਸ਼ ਹਾਸਲ ਦਸਿਆ। ਉਹਨਾਂ ਕਿਹਾ ਕਿ ਪ੍ਰੋ ਤਾਰਾ ਸਿੰਘ ਦਾ ਲਗਭਗ ਸਮੂਹ ਸੰਗੀਤ ਸਾਹਿਤ ਪ੍ਰਕਸ਼ਤ ਹੋ ਚੁੱਕਾ ਹੈ ਜਿਸ ਲਈ ਗਰਮਤਿ ਸੰਗੀਤ ਪ੍ਰਕਾਸ਼ਨ, ਅੰਮ੍ਰਿਤ ਕੀਰਤਨ ਟਰੱਸਟ ਤੇ ਪੰਜਾਬੀ ਯੂਨੀਵਰਸਿਟੀ ਵਧਾਈ ਦੇ ਪਾਤਰ ਹਨ ਅਤੇ ਨਿਕਟ ਭਵਿੱਖ ਵਿਚ ਉਨ੍ਹਾਂ ਵਲੋਂ ਵਿਸ਼ਲੇਸ਼ਿਤ ਤੇ ਸਥਾਪਤ ਗੁਰਮਤਿ ਸੰਗੀਤ ਰਾਗ-ਪ੍ਰਬੰਧ ਦੇ ਆਧਾਰ ਉਤੇ ਪਟਿਆਲਾ ਵਿਚ 31 ਰਾਗਾਂ ਦਾ ਇਕ ਵਿਸ਼ਾਲ 'ਗੁਰਮਤਿ ਸੰਗੀਤ ਦਰਬਾਰ' ਕੀਤਾ ਜਾਵੇਗਾ ਜਿਸ ਵਿਚ ਪ੍ਰੋ. ਤਾਰਾ ਸਿੰਘ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਸ਼ਿਸ਼ੂ, ਸ਼ਰਧਾਲੂ ਤੇ ਪ੍ਰੇਮੀ ਸ਼ਾਮਲ ਹੋਣਗੇ।

'ਸੰਵਾਦ' ਦੇ ਕਨਵੀਨਰ ਡਾ. ਗੁਰਮੀਤ ਸਿੰਘ ਮਾਨ ਨੇ ਭਾਵਪੂਰਤ ਸ਼ਬਦਾਂ ਵਿਚ ਗੁਰੂ-ਸ਼ਿਸ਼ ਪਰੰਪਰਾ ਨੂੰ ਪ੍ਰੋ. ਤਾਰਾ ਸਿੰਘ ਦੀ ਸ਼ਿਸ਼ ਮੰਡਲੀ ਦੇ ਪ੍ਰਸੰਗ ਵਿਚ ਨਵੀਨ ਅਰਥਾਂ ਤੇ ਨਵੀਨ ਅੰਦਾਜ਼ ਵਿਚ ਬਿਆਨਿਆ। ਡਾ. ਜੋਧ ਸਿੰਘ ਚੇਅਰਮੈਨ 'ਸੰਵਾਦ' ਦੇ ਅਗਲੇ ਆਯੋਜਨਾਂ ਅਤੇ ਸਮੂਹ ਵਿਦਵਾਨਾਂ/ਕਲਾਕਾਰਾਂ ਦੇ ਵਾਦ-ਵਿਵਾਦ ਦੀ ਸੁਰ ਦਾ ਤਿਆਗ ਕਰ ਕੇ 'ਸੰਵਾਦ' ਦੇ ਬੈਨਰ ਹਠ ਖੁੱਲ੍ਹਾ ਸੱਦਾ ਦਿੱਤਾ।

ਗੁਰੂ ਦੀਆਂ ਲਾਡਲੀਆਂ ਫੌਜਾਂ ਦੇ ਪ੍ਰਤੀਨਿਧ ਬਲਦੇਵ ਸਿੰਘ ਨੇ ਪ੍ਰੋ. ਤਾਰਾ ਸਿੰਘ ਦੀ ਨਵ-ਪ੍ਰਕਾਸ਼ਤ ਪੁਸਤਕ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਬੀਰਦਵਿੰਦਰ ਸਿੰਘ 'ਮੈਂਬਰ ਸੰਗੀਤ ਨਾਟ ਅਕੈਡਮੀ ਦਿੱਲੀ' ਨੇ ਪ੍ਰੋ. ਤਾਰਾ ਸਿੰਘ ਦੇ ਜੀਵਨ ਕਾਰਜਾਂ ਦੀ ਵਿਗਿਆਨਕ ਵਿਧੀ ਦੁਆਰਾ ਡਾਕੂਮੈਂਟੇਸ਼ਨ, ਰਿਕਾਰਡਿੰਗ ਕਰਨ ਉਤੇ ਜ਼ੋਰ ਦਿੱਤਾ ਅਤੇ ਸਮੂਹ ਪੰਜਾਬੀਆਂ ਨੂੰ ਆਪਣੇ ਟੇਲੈਂਟ ਨੂੰ ਸਹੀ ਸਮੇਂ, ਸਹੀ ਸੁਰ ਅਤੇ ਸਹੀ ਅੰਦਾਜ਼ ਵਿਚ ਸਲਾਹੁਣ ਦੀ ਸਲਾਹ ਦਿੱਤੀ। ਪ੍ਰੋਗਰਾਮ ਦੇ ਪ੍ਰਬੰਧ ਲਈ ਸ੍ਰੀ ਗੁਰਪ੍ਰੀਤ ਸਿੰਘ, ਭਾਈ ਬਲਦੇਵ ਸਿੰਘ, ਸ੍ਰੀ ਅਸਚਰਜ ਸਿੰਘ ਅਨੰਦ ਦਾ ਵਿਸ਼ੇਸ਼ ਸਤਿਕਾਰ ਤੇ ਸਨਮਾਨ ਕੀਤਾ ਗਿਆ।